INFORMED CHOICES ABOUT

# COLONOSCOPY

ਸਵਾਲ

## ਮੈਨੂੰ ਕੀ ਜਾਣਨਾ ਚਾਹੀਦਾ ਹੈ

ਕੋਲਨੋਸਕੋਪੀ ਇੱਕ ਪ੍ਰਕਿਰਿਆ ਹੈ ਜੋ ਇੱਕ ਲੰਬੀ ਪਤਲੀ ਲਚਕਦਾਰ ਟਿਊਬ ਦੀ ਵਰਤੋਂ ਕਰਕੇ, ਜਿਸ ਦੇ ਸਿਰੇ ’ਤੇ ਇੱਕ ਛੋਟਾ ਵੀਡੀਓ ਕੈਮਰਾ ਹੁੰਦਾ ਹੈ, ਕੋਲਨ (ਜਿਸਨੂੰ ਵੱਡੀ ਆਂਤੜੀ ਜਾਂ ਵੱਡੀ ਆਂਦਰ ਵੀ ਕਹਿੰਦੇ ਹਨ) ਦੇ ਅੰਦਰੂਨੀ ਹਿੱਸੇ ਦੀ ਜਾਂਚ ਕਰਨ ਦੇ ਯੋਗ ਬਣਾਉਂਦੀ ਹੈ।

### ਕੋਲਨੋਸਕੋਪੀ ਕਰਵਾਉਣ ਦੇ ਕੁਝ ਆਮ ਕਾਰਨ ਕੀ ਹੁੰਦੇ ਹਨ?

ਕੋਲਨੋਸਕੋਪੀਆਂ ਡਾਕਟਰਾਂ ਨੂੰ ਗੁਦਾ ਵਿੱਚੋਂ ਖ਼ੂਨ ਨਿਕਲਣ, ਦਸਤ ਅਤੇ ਕਈ ਵਾਰ, ਲੰਬੀ ਮਿਆਦ ਤੋਂ ਢਿੱਡ ਵਿੱਚ ਦਰਦ ਦੇ ਸੰਭਵ ਕਾਰਨਾਂ ਦਾ ਪਤਾ ਲਾਉਣ ਵਿੱਚ ਮਦਦ ਕਰਦੀਆਂ ਹਨ। ਕਰੋਹਨ ਦੀ ਬਿਮਾਰੀ ਜਾਂ ਫੋੜੇਦਾਰ ਸੂਲ (ulcerative colitis) ਵਿੱਚ, ਕੋਲਨੋਸਕੋਪੀ ਨੂੰ ਕੋਲਨ ਦੀ ਸੋਜਸ਼ ਦਾ ਮੁਲਾਂਕਣ ਕਰਨ ਲਈ ਵੀ ਵਰਤਿਆ ਜਾਂਦਾ ਹੈ।

ਕੋਲਨੋਸਕੋਪੀਆਂ ਨੂੰ ਕੋਲਨ ਪੌਲਿਪ ਅਤੇ ਕੋਲਨ ਕੈਂਸਰ ਦੇ ਸ਼ੁਰੂਆਤੀ ਚਿੰਨ੍ਹਾਂ ਦੀ ਜਾਂਚ ਕਰਨ ਵਾਸਤੇ ਵਰਤਿਆ ਜਾਂਦਾ ਹੈ। ਜ਼ਿਆਦਾਤਰ ਪੌਲਿਪ ਨੁਕਸਾਨ-ਰਹਿਤ ਹੁੰਦੇ ਹਨ, ਪਰ ਕਈ ਕੈਂਸਰ ਵਿੱਚ ਤਬਦੀਲ ਹੋ ਜਾਂਦੇ ਹਨ ਜੇ ਇਹਨਾਂ ਨੂੰ ਨਾ ਕੱਢਿਆ ਜਾਵੇ। ਔਸਤਨ, ਪੰਦਰਾਂ ਕੈਨੇਡੀਅਨਾਂ ਵਿੱਚੋਂ ਇੱਕ (7%) ਨੂੰ ਕੋਲਨ ਦਾ ਕੈਂਸਰ ਹੋ ਜਾਂਦਾ ਹੈ। ਅਕਸਰ ਜ਼ਿਆਦਾਤਰ ਕਰਕੇ ਇਹ ਵਡੇਰੀ ਉਮਰ ਵਿੱਚ ਹੁੰਦਾ ਹੈ। ਕੋਲਨ ਕੈਂਸਰ ਵਾਸਤੇ ਜਾਂਚ ਕੋਲਨ ਕੈਂਸਰ ਵਿਕਸਿਤ ਹੋਣ ਅਤੇ ਇਸਦੇ ਕਰਕੇ ਮੌਤ ਹੋਣ ਦੇ ਖਤਰੇ ਨੂੰ ਘੱਟ ਕਰ ਦਿੰਦੀ ਹੈ।

### ਕੋਲਨੋਸਕੋਪੀ ਦੇ ਜੋਖਮ ਕੀ ਹਨ?

ਉਲਝਣਾਂ ਬਹੁਤ ਹੀ ਦੁਰਲੱਭ ਹੁੰਦੀਆਂ ਹਨ। ਨੌਜਵਾਨ ਵਿਅਕਤੀਆਂ ਅਤੇ ਉਹਨਾਂ ਵਿਅਕਤੀਆਂ ਵਿੱਚ ਇਹ ਘੱਟ ਆਮ ਹਨ ਜਿੰਨ੍ਹਾਂ ਨੂੰ ਕੋਈ ਹੋਰ ਡਾਕਟਰੀ ਸਮੱਸਿਆਵਾਂ ਨਹੀਂ ਹੁੰਦੀਆਂ। ਜੇ ਕੋਲਨੋਸਕੋਪੀ ਦੌਰਾਨ ਤੁਹਾਨੂੰ ਪੌਲਿਪ ਕਢਵਾਉਣ ਜਾਂ ਕੋਈ ਹੋਰ ਵਿਸ਼ੇਸ਼ ਪ੍ਰਕਿਰਿਆਵਾਂ ਕਰਵਾਉਣ ਦੀ ਲੋੜ ਨਹੀਂ ਹੈ ਤਾਂ ਵੀ ਜੋਖ਼ਮ ਘੱਟ ਹੁੰਦੇ ਹਨ।

**ਮਾਮੂਲੀ ਉਲਝਣਾਂ:** ਢਿੱਡ ਵਿੱਚ ਬੇਆਰਾਮੀ, ਅਫਾਰਾ, ਦਵਾਈ ਦੀਆਂ ਪ੍ਰਤੀਕਿਰਿਆਵਾਂ ਜਾਂ ਅਸਥਾਈ ਤੌਰ ’ਤੇ ਖ਼ੂਨ ਵਗਣਾ ਕੋਲਨੋਸਕੋਪੀ ਕਰਵਾਉਣ ਵਾਲੇ 100 ਲੋਕਾਂ ਵਿੱਚੋਂ 1 ਵਿੱਚ (1%) ਵਿੱਚ ਵਾਪਰਦੀਆਂ ਹਨ।

**ਵੱਡੀਆਂ ਉਲਝਣਾਂ:** ਜਿਵੇਂ ਕਿ ਆਂਤੜੀ ਵਿੱਚ ਚੀਰਾ ਜਾਂ ਸੁਰਾਖ ਹੋ ਜਾਣਾ ਅਤੇ ਵੱਡੀ ਮਾਤਰਾ ਵਿੱਚ ਖ਼ੂਨ ਵਗਣਾ, ਦੁਰਲੱਭ ਹਨ ਅਤੇ 1000 ਵਿਅਕਤੀਆਂ ਵਿੱਚੋਂ 1 ਤੋਂ ਘੱਟ ਵਿੱਚ ਵਾਪਰਦੀਆਂ ਹਨ (0.1%)। 3000 ਵਿਅਕਤੀਆਂ ਵਿੱਚੋਂ ਲਗਭਗ 1 (0.03%) ਵਿੱਚ ਇਸਦਾ ਪ੍ਰਬੰਧਨ ਕਰਨ ਲਈ ਸਰਜਰੀ ਅਤੇ/ਜਾਂ ਹਸਪਤਾਲ ਵਿੱਚ ਭਰਤੀ ਕਰਨ ਦੀ ਲੋੜ ਪੈ ਸਕਦੀ ਹੈ। ਮੌਤ ਕੋਲਨੋਸਕੋਪੀ ਕਰਵਾਉਣ ਵਾਲੇ 10000 ਲੋਕਾਂ ਵਿੱਚੋਂ 1 ਵਿੱਚ ਵਾਪਰਦੀ ਹੈ।



“Optimizing colonoscopy” ਲੇਖਕ Harminder Singh ਅਤੇ John R. Walker, 2017, University of Manitoba, Canada
Creative Commons ਐਟਰੀਬਿਊਸ਼ਨ-ਨੋਡੈਰੀਵੇਟਿਵਜ਼ 4.0 ਇੰਟਰਨੈਸ਼ਨਲ ਲਾਇਸੰਸ ਤਹਿਤ ਲਾਇਸੰਸਸ਼ੁਦਾ ਹੈ। ਤੁਸੀਂ ਇਸ ਸਮੱਗਰੀ ਨੂੰ ਇਸਦੇ

INFORMED CHOICES ABOUT

# COLONOSCOPY

## ਮੈਂ ਕੋਲਨੋਸਕੋਪੀ ਵਾਸਤੇ ਤਿਆਰੀ ਕਿਵੇਂ ਕਰਾਂ?

ਕੁਝ ਕੁ ਲੋਕ ਇਸ ਪ੍ਰਕਿਰਿਆ ਨੂੰ ਲੈਕੇ ਚਿੰਤਾਗ੍ਰਸਤ/ਘਬਰਾਏ ਰਹਿੰਦੇ ਹਨ। ਕਿਰਪਾ ਕਰਕੇ ਆਪਣੇ ਕਿਸੇ ਵੀ ਸ਼ੰਕਿਆਂ ਬਾਰੇ ਆਪਣੀ ਨਰਸ ਜਾਂ ਡਾਕਟਰ ਨੂੰ ਦੱਸੋ। ਕੋਲਨੋਸਕੋਪੀ ਕਰਵਾਉਣ ਵਾਲੇ 90% ਲੋਕ ਆਰਾਮਦਾਇਕ ਅਨੁਭਵ ਦੀ ਰਿਪੋਰਟ ਕਰਦੇ ਹਨ।

ਤੁਹਾਡਾ ਡਾਕਟਰ ਜਾਂ ਤੁਹਾਡੇ ਡਾਕਟਰ ਦੀ ਤਰਫ਼ੋਂ ਹੋਰ ਅਮਲਾ ਤਿਆਰੀ ਕਰਨ ਬਾਰੇ ਤੁਹਾਨੂੰ ਵਿਸਤਰਿਤ ਹਿਦਾਇਤਾਂ ਦੇਵੇਗਾ। ਟੈਸਟ ਤੋਂ ਇੱਕ ਹਫਤਾ ਪਹਿਲਾਂ ਤੋਂ ਸ਼ੁਰੂ ਕਰਕੇ, ਇਹ ਅਹਿਮ ਹੈ ਕਿ ਤੁਸੀਂ ਹਿਦਾਇਤਾਂ ਦੀ ਧਿਆਨਪੂਰਵਕ ਪਾਲਣਾ ਕਰੋ। ਇਹ ਤੁਹਾਡੀ ਕੋਲਨ ਨੂੰ ਪੂਰੀ ਤਰ੍ਹਾਂ ਸਾਫ਼ ਹੋਣ ਦੇ ਯੋਗ ਬਣਾਉਂਦਾ ਹੈ ਅਤੇ ਤੁਹਾਡੇ ਡਾਕਟਰ ਨੂੰ ਕਿਨਾਰੇ ਦਾ ਸਪੱਸ਼ਟ ਦ੍ਰਿਸ਼ ਪ੍ਰਦਾਨ ਕਰਾਉਂਦਾ ਹੈ।

## ਜਦ ਮੈਂ ਕੋਲਨੋਸਕੋਪੀ ਵਾਸਤੇ ਜਾਂਦਾ/ਦੀ ਹਾਂ ਤਾਂ ਹਸਪਤਾਲ/ਇੰਡੋਸਕੋਪੀ ਸੁਵਿਧਾ ਵਿਖੇ ਕੀ ਵਾਪਰੇਗਾ?

1. ਸੁਵਿਧਾ ਵਿਖੇ ਆਪਣੀਆਂ ਦਵਾਈਆਂ ਦੀ ਸੂਚੀ ਨਾਲ ਲੈਕੇ ਆਓ। ਕੀਮਤੀ ਚੀਜ਼ਾਂ ਨਾਲ ਨਾ ਲਿਆਓ, ਗਹਿਣੇ ਨਾ ਪਹਿਨੋ, ਜਾਂ ਨਹੁੰ ਪਾਲਿਸ਼ ਨਾ ਲਗਾਓ।

2. ਆਪਣੇ ਡਾਕਟਰੀ ਕਾਰਡ ਨੂੰ ਨਾਲ ਲਿਆਓ ਅਤੇ ਜਦੋਂ ਤੁਸੀਂ ਪਹੁੰਚਦੇ ਹੋ ਤਾਂ ਪੰਜੀਕਰਨ ਕਰੋ।

3. ਤੁਸੀਂ ਕੱਪੜੇ ਬਦਲਕੇ ਹਸਪਤਾਲ ਦਾ ਗਾਊਨ ਪਹਿਨੋਂਗੇ।

4. ਤੁਹਾਡੇ ਡਾਕਟਰੀ ਇਤਿਹਾਸ ਅਤੇ ਤੁਹਾਡੀਆਂ ਦਵਾਈਆਂ ਦੀ ਸੰਖੇਪ ਵਿੱਚ ਸਮੀਖਿਆ ਕਰਨ ਲਈ ਕੋਈ ਨਰਸ ਤੁਹਾਨੂੰ ਮਿਲੇਗੀ। ਤੁਹਾਡੇ ਖੂਨ ਦਾ ਦਬਾਓ ਅਤੇ ਦਿਲ ਧੜਕਣ ਦੀ ਦਰ ਮਾਪੇ ਜਾਣਗੇ।

5. **ਨੀਮ-ਬੇਹੋਸ਼ੀ**: ਇੱਕ ਅੰਤਰਨਸੀ (IV) ਲਾਈਨ ਤੁਹਾਡੀ ਬਾਂਹ ਵਿੱਚ ਲਗਾਈ ਜਾਵੇਗੀ। ਜਦ ਤੁਹਾਡੀ ਪ੍ਰਕਿਰਿਆ ਸ਼ੁਰੂ ਕੀਤੀ ਜਾਂਦੀ ਹੈ ਤਾਂ ਇਸ ਅੰਤਰਨਸੀ (IV) ਲਾਈਨ ਨੂੰ ਤੁਹਾਨੂੰ ਨੀਮ-ਬੇਹੋਸ਼ ਕਰਨ ਲਈ ਦਵਾਈਆਂ (ਅਕਸਰ ਮੀਡਾਜ਼ੋਲਮ ਅਤੇ ਫੈਂਟਾਨਿਲ) ਪ੍ਰਦਾਨ ਕਰਾਉਣ ਲਈ ਵਰਤਿਆ ਜਾਵੇਗਾ। ਹਾਲਾਂਕਿ, ਉੱਤਰੀ ਅਮਰੀਕਾ ਵਿੱਚ ਜ਼ਿਆਦਾਤਰ ਲੋਕ ਕੋਲਨੋਸਕੋਪੀ ਵਾਸਤੇ ਇਹ ਦਵਾਈਆਂ ਪ੍ਰਾਪਤ ਕਰਦੇ ਹਨ, ਪਰ ਕੁਝ ਲੋਕ ਬਿਨਾਂ ਨੀਮ-ਬੇਹੋਸ਼ੀ ਵਾਲੀਆਂ ਦਵਾਈਆਂ ਤੋਂ ਕੋਲਨੋਸਕੋਪੀ ਕਰਵਾਉਂਦੇ ਹਨ। ਜਿਹੜੇ ਲੋਕ ਇਹਨਾਂ ਦਵਾਈਆਂ ਦੀ ਵਰਤੋਂ ਨਹੀਂ ਕਰਦੇ, ਉਹ ਪ੍ਰਕਿਰਿਆ ਨੂੰ ਯਾਦ ਰੱਖਣਗੇ ਅਤੇ ਉਹਨਾਂ ਨੂੰ ਕੁਝ ਬੇਆਰਾਮੀ ਅਤੇ ਸੰਭਵ ਤੌਰ 'ਤੇ ਕੁਝ ਦਰਦ ਦਾ ਅਨੁਭਵ ਹੋ ਸਕਦਾ ਹੈ। ਕੋਲਨ ਦਾ ਚਿਤਰ ਦੇਖਣ ਲਈ ਉਹ ਵੀਡੀਓ ਡਿਸਪਲੇ ਦੇਖਣ ਦੇ ਵੀ ਯੋਗ ਹੋਣਗੇ (ਜੇ ਉਹ ਇੱਛਾ ਕਰਦੇ ਹਨ)। ਕੋਲਨੋਸਕੋਪੀ ਦੇ ਤੁਰੰਤ ਬਾਅਦ ਉਹ ਸਾਧਾਰਨ ਕਿਰਿਆਵਾਂ 'ਤੇ ਵਾਪਸ ਪਰਤ ਸਕਦੇ ਹਨ।

   ਨੀਮ-ਬੇਹੋਸ਼ੀ ਦੀ ਦਵਾਈ ਲੈਣ ਵਾਲੇ ਵਿਅਕਤੀਆਂ ਨੂੰ ਦਰਦ ਜਾਂ ਬੇਆਰਾਮੀ ਹੋਣ ਦੀ ਸੰਭਾਵਨਾ ਘੱਟ ਹੁੰਦੀ ਹੈ। ਉਹਨਾਂ ਨੂੰ ਪ੍ਰਕਿਰਿਆ ਦੇ ਬਾਅਦ 24 ਘੰਟਿਆਂ ਤੱਕ ਗੱਡੀ ਨਹੀਂ ਚਲਾਉਣੀ ਚਾਹੀਦੀ ਅਤੇ ਕਿਸੇ ਨੂੰ ਨਾਲ ਲਿਆਉਣਾ ਚਾਹੀਦਾ ਹੈ ਜੋ ਕੋਲਨੋਸਕੋਪੀ ਤੋਂ ਬਾਅਦ ਉਹਨਾਂ ਨੂੰ ਘਰ ਲਿਜਾ ਸਕੇ ਅਤੇ ਉਹਨਾਂ ਦੇ ਨਾਲ ਰਹਿ ਸਕੇ।

   ਜੇ ਨੀਮ-ਬੇਹੋਸ਼ੀ ਅਤੇ ਵਰਤੀਆਂ ਜਾਂਦੀਆਂ ਦਵਾਈਆਂ ਬਾਰੇ ਤੁਹਾਡੀਆਂ ਕੋਈ ਤਰਜੀਹਾਂ ਜਾਂ ਸਵਾਲ ਹਨ, ਤਾਂ ਕੋਲਨੋਸਕੋਪੀ ਵਾਲੇ ਦਿਨ ਤੋਂ ਪਹਿਲਾਂ ਇਸ ਬਾਰੇ ਟੈਸਟ ਕਰਨ ਵਾਲੇ ਡਾਕਟਰ ਜਾਂ ਉਹਨਾਂ ਦੀ ਨਰਸ ਨੂੰ ਪੁੱਛੋ। ਜ਼ਿਆਦਾਤਰ ਡਾਕਟਰਾਂ ਕੋਲ ਉਹ



"Optimizing colonoscopy" ਲੇਖਕ Harminder Singh ਅਤੇ John R. Walker, 2017, University of Manitoba, Canada
Creative Commons ਐਟਰੀਬਿਊਸ਼ਨ-ਨੋਡੈਰੀਵੇਟਿਵਜ਼ 4.0 ਇੰਟਰਨੈਸ਼ਨਲ ਲਾਇਸੰਸ ਤਹਿਤ ਲਾਇਸੰਸਸ਼ੁਦਾ ਹੈ। ਤੁਸੀਂ ਇਸ ਸਮੱਗਰੀ ਨੂੰ ਇਸਦੇ

ਦਵਾਈਆਂ ਹੁੰਦੀਆਂ ਹਨ ਜਿੰਨ੍ਹਾਂ ਨੂੰ ਉਹ ਕੋਲਨੋਸਕੋਪੀ ਵਾਸਤੇ ਵਰਤਣ ਨੂੰ ਤਰਜੀਹ ਦਿੰਦੇ ਹਨ।

6. ਕੋਲਨੋਸਕੋਪੀ ਵਾਲੇ ਕਮਰੇ ਵਿੱਚ ਤੁਹਾਨੂੰ ਇੱਕ ਸਟਰੈਚਰ 'ਤੇ ਲਿਜਾਇਆ ਜਾਵੇਗਾ। ਓਥੇ ਤੁਹਾਨੂੰ ਤੁਹਾਡਾ ਡਾਕਟਰ ਅਤੇ ਹੋਰ ਅਮਲਾ ਮਿਲੇਗਾ।

ਕੋਲਨੋਸਕੋਪੀ ਬਾਰੇ ਵਧੇਰੇ ਜਾਣਕਾਰੀ ਵਾਸਤੇ, ਦੇਖੋ: mycolonoscopy.ca.
"Optimizing colonoscopy" ਲੇਖਕ Harminder Singh ਅਤੇ John R. Walker, 2017, University of Manitoba, Canada
Creative Commons ਐਟਰੀਬਿਊਸ਼ਨ-ਨੋਡੈਰੀਵੇਟਿਵਜ਼ 4.0 ਇੰਟਰਨੈਸ਼ਨਲ ਲਾਇਸੰਸ ਤਹਿਤ ਲਾਇਸੰਸਸ਼ੁਦਾ ਹੈ। ਤੁਸੀਂ ਇਸ ਸਮੱਗਰੀ ਨੂੰ ਇਸਦੇ

## ਕੋਲਨੋਸਕੋਪੀ ਵਾਸਤੇ ਸਿਫਾਰਸ਼ ਬਾਰੇ ਸਵਾਲ

### ਕੋਲਨੋਸਕੋਪੀ ਵਾਸਤੇ ਤੈਅਸ਼ੁਦਾ ਤਾਰੀਖ਼ (appointment) ਲੈਣ ਲਈ ਕਿੰਨਾ ਸਮਾਂ ਲਗਦਾ ਹੈ?

ਪ੍ਰਸਥਿਤੀ ਦੀ ਆਵੱਸ਼ਕਤਾ ਦੇ ਅਨੁਸਾਰ ਵਿਭਿੰਨ ਪ੍ਰੈਕਟਿਸਾਂ ਅਤੇ ਖੇਤਰਾਂ ਵਿੱਚ ਇਹ ਸਮਾਂ ਭਿੰਨ-ਭਿੰਨ ਹੁੰਦਾ ਹੈ। ਵਿਨੀਪੈੱਗ ਰੀਜ਼ੀਨਲ ਹੈਲਥ ਅਥਾਰਟੀ ਵਿੱਚ ਟੀਚਾ ਇਹ ਹੁੰਦਾ ਹੈ ਕਿ ਸਿਫਾਰਸ਼ ਕਰਨ ਵਾਲੇ ਡਾਕਟਰ ਵੱਲੋਂ ਭੇਜਿਆ ਬੇਨਤੀ ਫਾਰਮ ਪ੍ਰਾਪਤ ਕਰਨ ਦੇ ਦੋ ਮਹੀਨਿਆਂ ਅੰਦਰ ਤੈਅਸ਼ੁਦਾ ਤਾਰੀਖ਼ ਦੇ ਦਿੱਤੀ ਜਾਵੇ।

### ਮੇਰੀ ਕੋਲਨੋਸਕੋਪੀ ਹੋਣ ਤੱਕ ਕਿੰਨਾ ਕੁ ਸਮਾਂ ਲਗਦਾ ਹੈ?

ਇੱਕ ਵਾਰ ਫੇਰ, ਪ੍ਰਸਥਿਤੀ ਦੀ ਆਵੱਸ਼ਕਤਾ ਦੇ ਅਨੁਸਾਰ ਵਿਭਿੰਨ ਪ੍ਰੈਕਟਿਸਾਂ ਅਤੇ ਖੇਤਰਾਂ ਵਿੱਚ ਇਹ ਸਮਾਂ ਭਿੰਨ-ਭਿੰਨ ਹੁੰਦਾ ਹੈ। ਵਿਨੀਪੈੱਗ ਰੀਜ਼ੀਨਲ ਹੈਲਥ ਅਥਾਰਟੀ ਵਿੱਚ ਟੀਚਾ ਇਹ ਹੁੰਦਾ ਹੈ ਕਿ ਸਿਫਾਰਸ਼ ਕਰਨ ਵਾਲੇ ਡਾਕਟਰ ਵੱਲੋਂ ਭੇਜਿਆ ਬੇਨਤੀ ਫਾਰਮ ਪ੍ਰਾਪਤ ਕਰਨ ਦੇ 3 ਮਹੀਨਿਆਂ ਅੰਦਰ ਤਾਰੀਖ਼ ਤੈਅ ਕਰ ਦਿੱਤੀ ਜਾਵੇ।

## ਆਂਤੜੀ ਨੂੰ ਸਾਫ਼ ਕਰਨ ਦੀ ਤਿਆਰੀ ਬਾਰੇ ਸਵਾਲ

### ਆਂਤੜੀ ਦੀ ਸਫਾਈ ਕਰਨ ਲਈ ਵਿਭਿੰਨ ਕਿਸਮ ਦੀਆਂ ਤਿਆਰੀਆਂ ਕਿਉਂ ਹਨ?

ਆਂਤੜੀ ਸਾਫ਼ ਕਰਨ ਲਈ ਕਈ ਸਾਰੀਆਂ ਜੁਲਾਬ ਵਾਲੀਆਂ ਦਵਾਈਆਂ (laxatives) ਉਪਲਬਧ ਹਨ। ਹਰੇਕ ਦੇ ਆਪਣੇ ਫਾਇਦੇ ਅਤੇ ਨੁਕਸਾਨ ਹਨ। ਕੁਝ ਵਿਸ਼ੇਸ਼ ਸਿਹਤ ਸਮੱਸਿਆਵਾਂ ਵਾਲੇ ਲੋਕ (ਉਦਾਹਰਨ ਲਈ, ਗੁਰਦੇ ਜਾਂ ਦਿਲ ਫੇਲ੍ਹ ਵਾਲੇ ਲੋਕ) ਕੁਝ ਕੁ ਜੁਲਾਬ ਵਾਲੀਆਂ ਦਵਾਈਆਂ ਦੀ ਵਰਤੋਂ ਕਰ ਸਕਦੇ ਹਨ ਅਤੇ ਕੁਝ ਹੋਰਨਾਂ ਦੀ ਨਹੀਂ। ਜ਼ਿਆਦਾਤਰ ਸਿਹਤ ਸਮੱਸਿਆਵਾਂ ਵਾਲੇ ਲੋਕਾਂ ਦੁਆਰਾ ਜਿਸ ਜੁਲਾਬ ਵਾਲੀ ਦਵਾਈ ਦੀ ਵਰਤੋਂ ਕੀਤੀ ਜਾ ਸਕਦੀ ਹੈ ਉਸ ਵਿੱਚ ਜੁਲਾਬ ਵਾਲੀ ਤਰਲ ਦਵਾਈ (liquid laxative) ਦੀ ਵੱਡੀ ਮਾਤਰਾ (4 ਲਿਟਰ) ਲੈਣਾ ਸ਼ਾਮਲ ਹੁੰਦਾ ਹੈ। ਤਿਆਰੀ ਵਾਸਤੇ ਕੁਝ ਜੁਲਾਬ ਵਾਲੀਆਂ ਦਵਾਈਆਂ ਅਜਿਹੀਆਂ ਹਨ ਜਿੰਨ੍ਹਾਂ ਵਿੱਚ ਤਰਲ ਜੁਲਾਬ ਦੀ ਮੁਕਾਬਲਤਨ ਘੱਟ ਮਾਤਰਾ ਸ਼ਾਮਲ ਹੁੰਦੀ ਹੈ, ਪਰ ਇਹਨਾਂ ਦੇ ਨਾਲ ਪਾਣੀ ਦੀ ਵੱਡੀ ਮਾਤਰਾ ਪੀਣਾ ਜ਼ਰੂਰੀ ਹੁੰਦਾ ਹੈ।

ਤਿਆਰੀ ਬਾਰੇ ਤੁਹਾਨੂੰ ਮਿਲੀਆਂ ਹਿਦਾਇਤਾਂ ਦੀ ਧਿਆਨਪੂਰਵਕ ਪਾਲਣਾ ਕਰਨਾ ਮਹੱਤਵਪੂਰਨ ਹੈ ਤਾਂ ਜੋ ਕੋਲਨੋਸਕੋਪੀ ਡਾਕਟਰ ਕੋਲਨੋਸਕੋਪੀ ਦੌਰਾਨ ਤੁਹਾਡੀ ਆਂਤੜੀ ਨੂੰ ਸਾਫ਼-ਸਾਫ਼ ਦੇਖਣ ਦੇ ਯੋਗ ਹੋਵੇ।

### ਮੈਨੂੰ ਕਿਸ ਕਿਸਮ ਦੀਆਂ ਦਵਾਈਆਂ ਜਾਂ ਸਪਲੀਮੈਂਟ ਲੈਣੇ ਬੰਦ ਕਰਨੇ ਹੋਣਗੇ?

ਜ਼ਿਆਦਾਤਰ ਦਵਾਈਆਂ ਨੂੰ ਜਾਰੀ ਰੱਖਿਆ ਜਾ ਸਕਦਾ ਹੈ। ਆਮ ਤੌਰ ’ਤੇ ਤੁਹਾਨੂੰ ਕੋਲਨੋਸਕੋਪੀ ਤੋਂ ਇੱਕ ਹਫਤਾ ਪਹਿਲਾਂ ਆਇਰਨ ਵਾਲੀਆਂ ਦਵਾਈਆਂ ਲੈਣੀਆਂ ਬੰਦ ਕਰਨ ਲਈ ਕਿਹਾ ਜਾਵੇਗਾ (ਜਿੰਨ੍ਹਾਂ ਵਿੱਚ ਮਲਟੀਵਿਟਾਮਿਨ ਅਤੇ ਆਇਰਨ ਵਾਲੇ ਸਪਲੀਮੈਂਟ ਵੀ ਸ਼ਾਮਲ ਹਨ)। ਡਾਇਬਿਟੀਜ਼ ਦਾ ਇਲਾਜ ਕਰਨ ਵਾਲੀਆਂ ਅਤੇ ਖ਼ੂਨ ਪਤਲਾ ਕਰਨ ਵਾਲੀਆਂ ਦਵਾਈਆਂ ਵਿੱਚ ਵਾਧ-ਘਾਟ ਕਰਨ ਦੀ ਲੋੜ ਹੋ ਸਕਦੀ ਹੈ- ਕਿਰਪਾ ਕਰਕੇ ਇਸ ਲਿੰਕ ’ਤੇ ਕਲਿੱਕ ਕਰੋ (insert link)। ਜੇ ਤੁਹਾਨੂੰ ਇਸ ਬਾਰੇ ਪੱਕਾ ਪਤਾ ਨਹੀਂ ਹੈ ਤਾਂ ਕਿਰਪਾ ਕਰਕੇ ਆਪਣੇ ਡਾਕਟਰ ਨਾਲ ਗੱਲ ਕਰੋ।



“Optimizing colonoscopy” ਲੇਖਕ Harminder Singh ਅਤੇ John R. Walker, 2017, University of Manitoba, Canada
Creative Commons ਐਟਰੀਬਿਊਸ਼ਨ-ਨੋਡੈਰੀਵੇਟਿਵਜ਼ 4.0 ਇੰਟਰਨੈਸ਼ਨਲ ਲਾਇਸੰਸ ਤਹਿਤ ਲਾਇਸੰਸਸ਼ੁਦਾ ਹੈ। ਤੁਸੀਂ ਇਸ ਸਮੱਗਰੀ ਨੂੰ ਇਸਦੇ

INFORMED CHOICES ABOUT

# COLONOSCOPY

## ਕੋਲਨੋਸਕੋਪੀ ਤੋਂ ਇੱਕ ਹਫਤਾ ਪਹਿਲਾਂ ਮੇਰੇ ਲਈ ਬੀਜ, ਬਦਾਮ ਅਤੇ ਸਣ ਨੂੰ ਖਾਣਾ ਬੰਦ ਕਰਨਾ ਕਿਉਂ ਲਾਜ਼ਮੀ ਹੈ?

ਇਹਨਾਂ ਦੀ ਕੋਲਨ ਦੀ ਅੰਦਰੂਨੀ ਕਿਨਾਰੀ ਨਾਲ ਚਿਪਕ ਜਾਣ ਦੀ ਪ੍ਰਵਿਰਤੀ ਹੁੰਦੀ ਹੈ ਅਤੇ ਇਹ ਕੋਲਨੋਸਕੋਪੀ ਕਰਨ ਵਾਲੇ ਡਾਕਟਰ ਦੇ ਦ੍ਰਿਸ਼ਟੀਕੋਣ ਵਿੱਚ ਵਿਘਨ ਪਾ ਸਕਦੇ ਹਨ।

## ਹਿਦਾਇਤਾਂ ਅਕਸਰ ਕੋਲਨੋਸਕੋਪੀ ਤੋਂ ਇੱਕ ਦਿਨ ਪਹਿਲਾਂ ਠੋਸ ਭੋਜਨ ਖਾਣੇ ਬੰਦ ਕਰਨ ਲਈ ਕਿਉਂ ਕਹਿੰਦੀਆਂ ਹਨ?

ਠੋਸ ਭੋਜਨਾਂ ਨੂੰ ਕੋਲਨ ਵਿੱਚੋਂ ਗੁਜ਼ਰਨ ਨੂੰ ਵਧੇਰੇ ਸਮਾਂ ਲਗਦਾ ਹੈ ਇਸ ਲਈ ਕਈ ਡਾਕਟਰ ਤੁਹਾਨੂੰ ਕੋਲਨੋਸਕੋਪੀ ਤੋਂ ਇੱਕ ਦਿਨ ਪਹਿਲਾਂ ਠੋਸ ਭੋਜਨ ਨਾ ਖਾਣ ਲਈ ਕਹਿੰਦੇ ਹਨ।

## ਤਿਆਰੀ ਦੌਰਾਨ ਮੈਂ ਜਦ ਵੀ ਜਾਗਦਾ/ਦੀ ਹੋਵਾਂ, ਓਦੋਂ ਹਰ ਘੰਟੇ ਮੈਨੂੰ ਤਰਲ ਪਦਾਰਥ ਦਾ ਇੱਕ ਗਲਾਸ ਪੀਣ ਦੀ ਸਿਫਾਰਸ਼ ਕਿਉਂ ਕੀਤੀ ਜਾਂਦੀ ਹੈ?

ਜੁਲਾਬ ਵਾਲੀ ਦਵਾਈ (laxative) ਦੀ ਵਰਤੋਂ ਕਰਕੇ ਲੱਗਣ ਵਾਲੀਆਂ ਟੱਟੀਆਂ ਦੇ ਨਾਲ ਸਰੀਰ ਵਿੱਚੋਂ ਪਾਣੀ ਵੀ ਬਾਹਰ ਨਿਕਲਦਾ ਹੈ। ਇਸ ਪਾਣੀ ਦੀ ਭਰਪਾਈ ਕਰਨਾ ਤੁਹਾਡੀ ਸਿਹਤ ਵਾਸਤੇ ਮਹੱਤਵਪੂਰਨ ਹੈ। ਤਰਲ ਪਦਾਰਥ ਪੀਣਾ ਕੋਲਨ ਨੂੰ ਸਾਫ਼ ਕਰਨ ਵਿੱਚ ਵੀ ਮਦਦ ਕਰਦਾ ਹੈ।

## ਜੇ ਮੇਰੇ ਸਰੀਰ ਵਿੱਚ ਕਾਫੀ ਮਾਤਰਾ ਵਿੱਚ ਪਾਣੀ ਨਾ ਹੋਵੇ (ਨਿਰਜਲੀਕਿਰਤ ਹੋ ਜਾਣਾ) ਤਾਂ ਕੀ ਕੋਈ ਸਿਹਤ ਸਮੱਸਿਆਵਾਂ ਹੋ ਜਾਂਦੀਆਂ ਹਨ?

ਪਾਣੀ ਦੀ ਕਮੀ ਸਰੀਰ ਦੇ ਕਈ ਭਾਗਾਂ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਇਹ ਤੁਹਾਨੂੰ ਕਮਜ਼ੋਰ ਅਤੇ ਥੱਕੇ ਮਹਿਸੂਸ ਕਰਨ ਲਈ ਮਜ਼ਬੂਰ ਕਰ ਸਕਦੀ ਹੈ।

## ਕਈ ਵਾਰ ਜੁਲਾਬ ਵਾਲੀਆਂ ਗੋਲ਼ੀਆਂ ਅਤੇ ਆਂਤੜੀ ਦੀ ਤਿਆਰੀ ਵਾਲੇ ਤਰਲ ਪਦਾਰਥ ਨੂੰ ਵੀ ਲੈਣ ਦੀ ਸਿਫਾਰਸ਼ ਕਿਉਂ ਕੀਤੀ ਜਾਂਦੀ ਹੈ?

ਕਈ ਕੋਲਨੋਸਕੋਪੀ ਡਾਕਟਰ ਜੁਲਾਬ ਵਾਲੀਆਂ ਗੋਲ਼ੀਆਂ ਅਤੇ ਤਰਲ ਜੁਲਾਬ ਦੋਨਾਂ ਨੂੰ ਹੀ ਲੈਣ ਦੀ ਸਿਫਾਰਸ਼ ਕਰਦੇ ਹਨ ਤਾਂ ਜੋ ਕੋਲਨ ਨੂੰ ਬਿਹਤਰ ਤਰੀਕੇ ਨਾਲ ਸਾਫ਼ ਕੀਤਾ ਜਾ ਸਕੇ।

## ਏਨੀ ਵੱਡੀ ਮਾਤਰਾ ਪੀਣ ਦੀ ਲੋੜ ਕਿਉਂ ਹੈ?

ਤੁਹਾਡੀ ਕੋਲਨ ਨੂੰ ਪੂਰੀ ਤਰ੍ਹਾਂ ਸਾਫ਼ ਕਰਨ ਵਾਸਤੇ, ਤੁਹਾਡੇ ਕੋਲਨੋਸਕੋਪੀ ਡਾਕਟਰ ਵੱਲੋਂ ਸਿਫਾਰਸ਼ ਕੀਤੀ ਪੂਰੀ ਮਾਤਰਾ ਨੂੰ ਪੀਣਾ ਅਹਿਮ ਹੈ।

## ਟੋਆਇਲਟ ਜਾਣ ਵਿੱਚ ਮੇਰਾ ਕਿੰਨ੍ਹਾ ਕੁ ਸਮਾਂ ਖ਼ਰਚ ਹੋਵੇਗਾ?

ਜੁਲਾਬ ਵਾਲੀਆਂ ਦਵਾਈਆਂ ਸ਼ੁਰੂ ਕਰਨ ਤੋਂ ਲਗਭਗ ਤਿੰਨ ਘੰਟਿਆਂ ਦੇ ਅੰਦਰ ਤੁਹਾਨੂੰ ਟੱਟੀਆਂ ਆਉਣੀਆਂ ਸ਼ੁਰੂ ਹੋ ਜਾਣਗੀਆਂ। ਇਸਦੇ ਬਾਅਦ ਤੁਸੀਂ ਸੰਭਵ ਤੌਰ ’ਤੇ ਕਈ ਘੰਟਿਆਂ ਲਈ ਟੋਆਇਲਟ ਜਾਂਦੇ ਰਹੋਂਗੇ। ਤੁਹਾਡੀ ਆਂਤੜੀ ਨੂੰ ਪੂਰੀ ਤਰ੍ਹਾਂ ਸਾਫ਼ ਕਰਨ ਲਈ ਬਹੁਤ ਸਾਰਾ ਮਲ (ਟੱਟੀ) ਅਤੇ ਤਰਲ ਬਾਹਰ ਕੱਢਣਾ ਲਾਜ਼ਮੀ ਹੈ।



“Optimizing colonoscopy” ਲੇਖਕ Harminder Singh ਅਤੇ John R. Walker, 2017, University of Manitoba, Canada
Creative Commons ਐਟਰੀਬਿਊਸ਼ਨ-ਨੋਡੈਰੀਵੇਟਿਵਜ਼ 4.0 ਇੰਟਰਨੈਸ਼ਨਲ ਲਾਇਸੰਸ ਤਹਿਤ ਲਾਇਸੰਸਸ਼ੁਦਾ ਹੈ। ਤੁਸੀਂ ਇਸ ਸਮੱਗਰੀ ਨੂੰ ਇਸਦੇ

ਤੁਹਾਡੀ ਕੋਲਨੋਸਕੋਪੀ ਵਾਲੇ ਦਿਨ, ਜੇ ਤੁਹਾਡੇ ਕੋਲ ਸਮਾਂ ਹੋਵੇ, ਤਾਂ ਤੁਹਾਨੂੰ ਤਰਲ ਜੁਲਾਬ ਖਤਮ ਕਰਨ ਦੇ ਬਾਅਦ ਇੱਕ ਘੰਟੇ ਤੱਕ ਇੰਤਜ਼ਾਰ ਕਰਨਾ ਚਾਹੀਦਾ ਹੈ ਅਤੇ ਫੇਰ ਘਰੋਂ ਚੱਲਣਾ ਚਾਹੀਦਾ ਹੈ।

ਕੋਲਨੋਸਕੋਪੀ ਬਾਰੇ ਵਧੇਰੇ ਜਾਣਕਾਰੀ ਵਾਸਤੇ, ਦੇਖੋ: mycolonoscopy.ca.
"Optimizing colonoscopy" ਲੇਖਕ Harminder Singh ਅਤੇ John R. Walker, 2017, University of Manitoba, Canada
Creative Commons ਐਟਰੀਬਿਊਸ਼ਨ-ਨੋਡੈਰੀਵੇਟਿਵਜ਼ 4.0 ਇੰਟਰਨੈਸ਼ਨਲ ਲਾਇਸੰਸ ਤਹਿਤ ਲਾਇਸੰਸਸ਼ੁਦਾ ਹੈ। ਤੁਸੀਂ ਇਸ ਸਮੱਗਰੀ ਨੂੰ ਇਸਦੇ

INFORMED CHOICES ABOUT

# COLONOSCOPY

## ਮੈਨੂੰ ਕਿਸ ਕਿਸਮ ਦੀ ਬੇਆਰਾਮੀ ਦਾ ਅਨੁਭਵ ਹੋ ਸਕਦਾ ਹੈ? ਬੇਆਰਾਮੀ ਨੂੰ ਘੱਟ ਕਰਨ ਲਈ ਕੀ ਕੀਤਾ ਜਾ ਸਕਦਾ ਹੈ?

ਤੁਹਾਡੇ ਪੇਟ ਵਿੱਚ ਕੜਵੱਲਾਂ ਪੈ ਸਕਦੀਆਂ ਹਨ। ਕੜਵੱਲਾਂ ਵਾਸਤੇ, ਪੈਦਲ ਤੁਰਨਾ ਅਤੇ ਜੁਲਾਬ ਵਾਲੀਆਂ ਦਵਾਈਆਂ ਪੀਣ ਤੋਂ ਛੋਟੀ ਜਿਹੀ ਬਰੇਕ ਲੈਣ ਨਾਲ ਮਦਦ ਮਿਲ ਸਕਦੀ ਹੈ। ਨਾਲ ਹੀ ਯਾਦ ਰੱਖੋ ਕਿ ਤੁਹਾਡੀ ਕੋਲਨੋਸਕੋਪੀ ਤੋਂ ਕਾਫੀ ਪਹਿਲਾਂ ਜੁਲਾਬ ਵਾਲੀਆਂ ਸਾਰੀਆਂ ਦਵਾਈਆਂ ਨੂੰ ਖਤਮ ਕਰਨਾ ਅਹਿਮ ਹੈ।

ਹੋ ਸਕਦਾ ਹੈ ਤੁਹਾਨੂੰ ਮਲ-ਦੁਆਰ ਦੇ ਆਸ-ਪਾਸ ਖਾਰਿਸ਼ ਮਹਿਸੂਸ ਹੋਵੇ। ਮਲ-ਦੁਆਰ ਦੇ ਆਸ-ਪਾਸ ਚਮੜੀ ਵਾਲੀ ਕਰੀਮ ਲਗਾਉਣ ਨਾਲ ਖਾਰਿਸ਼ ਤੋਂ ਮਦਦ ਮਿਲ ਸਕਦੀ ਹੈ।

## ਜੇ ਮੈਨੂੰ ਸਾਰਾ ਤਰਲ ਪੀਣਾ ਮੁਸ਼ਕਿਲ ਲਗਦਾ ਹੈ ਜਾਂ ਮੈਨੂੰ ਇਸਦਾ ਸਵਾਦ ਪਸੰਦ ਨਹੀਂ ਤਾਂ ਮੈਂ ਕੀ ਕਰ ਸਕਦਾ/ਦੀ ਹਾਂ?

ਕੁਝ ਲੋਕਾਂ ਨੂੰ ਇਹ ਲਗਦਾ ਹੈ ਕਿ ਸਟ੍ਰਾਅ ਦੇ ਨਾਲ ਪੀਣ ਤੋਂ ਮਦਦ ਮਿਲਦੀ ਹੈ – ਇਸ ਕਰਕੇ ਤੁਹਾਨੂੰ ਇਸਦਾ ਸਵਾਦ ਜ਼ਿਆਦਾਤਰ ਪਤਾ ਨਹੀਂ ਚਲਦਾ। ਜੇ ਤਰਲ ਜੁਲਾਬ ਵਿੱਚ ਕੋਈ ਸਵਾਦ ਨਹੀਂ ਮਿਲਿਆ ਹੋਇਆ ਤਾਂ ਤੁਸੀਂ ਸਵਾਦ ਵਾਲੇ ਰਵੇ ਇਸ ਵਿੱਚ ਪਾ ਸਕਦੇ ਹੋ। ਤਰਲ ਜੁਲਾਬ ਦੇ ਹਰ ਡ੍ਰਿੰਕ ਦੇ ਬਾਅਦ ਤੁਸੀਂ ਪਾਣੀ ਵਰਗੇ ਪਾਰਦਰਸ਼ੀ ਤਰਲ ਨਾਲ ਆਪਣੇ ਮੂੰਹ ਨੂੰ ਸਾਫ਼ ਕਰ ਸਕਦੇ ਹੋ।

ਤਰਲ ਪਦਾਰਥ ਨੂੰ ਫਰਿੱਜ ਵਿੱਚ ਠੰਢਾ ਕਰਨ ਨਾਲ ਵੀ ਮਦਦ ਮਿਲ ਸਕਦੀ ਹੈ। ਜੇ ਤੁਹਾਨੂੰ ਇਹ ਠੰਢਾ ਲੱਗਣਾ ਸ਼ੁਰੂ ਹੋ ਜਾਂਦਾ ਹੈ ਤਾਂ ਤੁਸੀਂ ਇਸਨੂੰ ਫਰਿੱਜ ਵਿੱਚੋਂ ਬਾਹਰ ਕੱਢ ਸਕਦੇ ਹੋ ਜਾਂ ਕੁਝ ਸ਼ੋਰਬਾ ਜਾਂ ਹਰਬਲ ਟੀ ਵਰਗਾ ਪਾਰਦਰਸ਼ੀ ਨਿੱਘਾ ਤਰਲ ਪੀਓ।

## ਕਿਹੜੇ ਤਰਲ ਪਾਰਦਰਸ਼ੀ ਤਰਲ ਅਤੇ ਪੀਣ ਲਈ ਸਹੀ ਹੁੰਦੇ ਹਨ?

| □□□□□□□ □□□ | □□□□□□□ □□□□ □□□ □□□□ |
|---|---|
| ਉਹ ਤਰਲ ਪਦਾਰਥ ਜੋ ਸਹੀ ਹਨ: | ਭੋਜਨ ਅਤੇ ਤਰਲ ਪਦਾਰਥ ਜੋ ਸਹੀ ਨਹੀਂ ਹਨ: |
| ਸੇਬ ਦਾ ਜੂਸ, ਸਫੈਦ ਅੰਗੂਰਾਂ ਦਾ ਜੂਸ, ਸਫੈਦ ਕਰੈਨਬੇਰੀ ਜੂਸ ਚੱਲਣਗੇ | X ਭੋਜਨ ਦੇ ਟੁਕੜਿਆਂ ਵਾਲੇ ਕੋਈ ਸੂਪ ਨਹੀਂ |
| ਪਾਰਦਰਸ਼ੀ ਜਾਂ ਨਿੰਬੂ ਵਾਲਾ Gatorade/Powerade | X ਕੋਈ ਮੀਟ ਨਹੀਂ |
| ਜਿੰਜਰ ਏਲ, ਅਤੇ ਪਾਣੀ | X ਕੋਈ ਫ਼ਲ ਜਾਂ ਸਬਜ਼ੀਆਂ ਨਹੀਂ |
| ਕੌਫੀ ਜਾਂ ਚਾਹ (ਚੀਨੀ ਅਤੇ ਸਵੀਟਨਰ ਸਹੀ ਹਨ) | X ਕੋਈ ਦੁੱਧ ਜਾਂ ਡੇਅਰੀ ਉਤਪਾਦ ਨਹੀਂ |
| ਕੁਲਫੀਆਂ (ਲਾਲ ਜਾਂ ਜਾਮਣੀ ਨਹੀਂ) | X ਕੋਈ ਵੀ ਲਾਲ, ਨੀਲਾ ਜਾਂ ਜਾਮਣੀ ਤਰਲ ਪਦਾਰਥ ਨਹੀਂ |
| ਨਿੰਬੂ ਜਾਂ ਸੰਤਰੇ ਵਾਲਾ Jello | X ਕੋਈ ਅਲਕੋਹਲ ਵਾਲੇ ਪੀਣ-ਪਦਾਰਥ ਨਹੀਂ |



"Optimizing colonoscopy" ਲੇਖਕ Harminder Singh ਅਤੇ John R. Walker, 2017, University of Manitoba, Canada
Creative Commons ਐਟਰੀਬਿਊਸ਼ਨ-ਨੋਡੈਰੀਵੇਟਿਵਜ਼ 4.0 ਇੰਟਰਨੈਸ਼ਨਲ ਲਾਇਸੰਸ ਤਹਿਤ ਲਾਇਸੰਸਸ਼ੁਦਾ ਹੈ। ਤੁਸੀਂ ਇਸ ਸਮੱਗਰੀ ਨੂੰ ਇਸਦੇ

INFORMED CHOICES ABOUT

# COLONOSCOPY

## ਮੈਨੂੰ ਪਾਰਦਰਸ਼ੀ ਤਰਲ ਪਦਾਰਥਾਂ ਨੂੰ ਪੀਣਾ ਕਦੋਂ ਬੰਦ ਕਰ ਦੇਣਾ ਚਾਹੀਦਾ ਹੈ?

ਕੋਲਨੋਸਕੋਪੀ ਦੇ ਸਮੇਂ ਤੋਂ ਦੋ ਘੰਟੇ ਪਹਿਲਾਂ ਦੇ ਸਮੇਂ ਵਿੱਚ ਕੋਈ ਤਰਲ ਪਦਾਰਥ ਨਾ ਪੀਓ। ਕੁਝ ਲੋਕਾਂ ਵਾਸਤੇ, ਉਹਨਾਂ ਦਾ ਕੋਲਨੋਸਕੋਪੀ ਡਾਕਟਰ ਉਹਨਾਂ ਨੂੰ ਥੋੜ੍ਹਾ ਵਧੇਰੇ ਜਲਦੀ ਬੰਦ ਕਰਨ ਲਈ ਕਹਿ ਸਕਦਾ ਹੈ।

ਕੋਲਨੋਸਕੋਪੀ ਬਾਰੇ ਵਧੇਰੇ ਜਾਣਕਾਰੀ ਵਾਸਤੇ, ਦੇਖੋ: mycolonoscopy.ca.
"Optimizing colonoscopy" ਲੇਖਕ Harminder Singh ਅਤੇ John R. Walker, 2017, University of Manitoba, Canada
Creative Commons ਐਟਰੀਬਿਊਸ਼ਨ-ਨੋਡੈਰੀਵੇਟਿਵਜ਼ 4.0 ਇੰਟਰਨੈਸ਼ਨਲ ਲਾਇਸੰਸ ਤਹਿਤ ਲਾਇਸੰਸਸ਼ੁਦਾ ਹੈ। ਤੁਸੀਂ ਇਸ ਸਮੱਗਰੀ ਨੂੰ ਇਸਦੇ

INFORMED CHOICES ABOUT

# COLONOSCOPY

### ਮੈਨੂੰ ਕਿਵੇਂ ਪਤਾ ਚੱਲੇਗਾ ਕਿ ਮੇਰੀ ਆਂਤੜੀ/ਕੋਲਨ ਲੋੜੀਂਦੀ ਹੱਦ ਤੱਕ ਸਾਫ਼ ਹੋ ਗਈ ਹੈ?

ਤੁਹਾਨੂੰ ਤੁਹਾਡੀ ਆਂਤੜੀ ਦੀ ਤਿਆਰੀ ਪੂਰੀ ਹੋਣ ਬਾਰੇ ਓਦੋਂ ਪਤਾ ਚਲਦਾ ਹੈ ਜਦ ਤੁਹਾਡਾ ਮਲ (ਟੱਟੀ) ਪੀਲੇ ਤੋਂ ਪਾਰਦਰਸ਼ੀ ਰੰਗ ਦੇ ਤਰਲ ਦੀ ਹੋ ਜਾਂਦੀ ਹੈ।




### ਜਦ ਮੈਨੂੰ ਲਗਦਾ ਹੈ ਕਿ ਮੇਰੀ ਕੋਲਨ ਲੋੜੀਂਦੀ ਹੱਦ ਤੱਕ ਸਾਫ਼ ਹੋ ਗਈ ਹੈ ਤਾਂ ਕੀ ਮੈਨੂੰ ਤਰਲ ਜੁਲਾਬ ਨੂੰ ਲੈਣਾ ਬੰਦ ਕਰ ਦੇਣਾ ਚਾਹੀਦਾ ਹੈ?

ਨਹੀਂ। ਜੁਲਾਬ ਵਾਲੀਆਂ ਸਾਰੀਆਂ ਦਵਾਈਆਂ ਲੈਣਾ ਮਹੱਤਵਪੂਰਨ ਹੈ।

### ਅੱਧੇ ਜੁਲਾਬ ਨੂੰ ਪੀਣ ਲਈ ਮੈਨੂੰ ਬਹੁਤ ਜ਼ਿਆਦਾ ਸਵੱਖਤੇ ਉੱਠਣ ਦੀ ਲੋੜ ਕਿਉਂ ਹੈ (ਜੇ ਹਿਦਾਇਤਾਂ ਅਜਿਹਾ ਕਹਿੰਦੀਆਂ ਹਨ)?

ਖੋਜ ਇਹ ਦਿਖਾਉਂਦੀ ਹੈ ਕਿ ਜੁਲਾਬ ਵਾਲੀ ਤਰਲ ਦਵਾਈ ਦੇ ਅੱਧੇ ਭਾਗ ਨੂੰ ਟੈਸਟ ਤੋਂ ਪਹਿਲਾਂ ਵਾਲੀ ਸ਼ਾਮ ਨੂੰ ਲੈਣਾ ਅਤੇ ਅੱਧੇ ਭਾਗ ਨੂੰ ਟੈਸਟ ਵਾਲੀ ਸਵੇਰ ਨੂੰ ਲੈਣਾ ਆਂਤੜੀ ਨੂੰ ਸਾਫ਼ ਕਰਨ ਵਾਸਤੇ ਬਿਹਤਰ ਰਹਿੰਦਾ ਹੈ। ਕੋਲਨੋਸਕੋਪੀ ਵਾਲਾ ਡਾਕਟਰ ਤੁਹਾਡੀ ਆਂਤੜੀ ਨੂੰ ਵਧੇਰੇ ਸਪੱਸ਼ਟ ਰੂਪ ਵਿੱਚ ਦੇਖਣ ਦੇ ਯੋਗ ਹੋਵੇਗਾ।

ਯਾਦ ਰੱਖੋ ਕਿ ਕਿਸੇ ਲੰਬੇ ਟਰਿੱਪ ਤੋਂ ਪਹਿਲਾਂ ਵੀ ਲੋਕਾਂ ਨੂੰ ਅਕਸਰ ਜਲਦੀ ਉੱਠਣਾ ਪੈਂਦਾ ਹੈ। ਟੋਆਇਲਟ ਦੇ ਬਾਰ-ਬਾਰ ਚੱਕਰ ਲਗਾਉਣ ਦੌਰਾਨ ਕੁਝ ਅਜਿਹੀਆਂ ਸਰਗਰਮੀਆਂ ਵਾਸਤੇ ਅਗਾਊਂ ਯੋਜਨਾ ਬਣਾਓ ਜੋ ਤੁਸੀਂ ਸਵੱਖਤੇ ਕਰ ਸਕਦੇ ਹੋ (ਰੇਡੀਓ, ਸੰਗੀਤ, ਟੀਵੀ, ਕੰਪਿਊਟਰ)।

### ਕੋਲਨੋਸਕੋਪੀ ਕਰਨ ਵਾਲੀ ਸੁਵਿਧਾ/ਹਸਪਤਾਲ ਤੱਕ ਪਹੁੰਚਣ ਲਈ ਮੈਨੂੰ ਲੰਬੀ ਡ੍ਰਾਈਵ ਕਰਨੀ ਪੈਣੀ ਹੈ। ਮੈਂ ਇਸ ਟਰਿਪ ਵਾਸਤੇ ਯੋਜਨਾ ਕਿਵੇਂ ਬਣਾਵਾਂ?

ਜ਼ਿਆਦਾਤਰ ਲੋਕਾਂ ਨੂੰ ਇਹ ਲਗਦਾ ਹੈ ਕਿ ਕੋਲਨੋਸਕੋਪੀ ਤੋਂ ਦੋ ਘੰਟੇ ਪਹਿਲਾਂ ਉਹਨਾਂ ਨੂੰ ਟੋਆਇਲਟ ਦੇ ਬਾਰ-ਬਾਰ ਚੱਕਰ ਨਹੀਂ

ਕੋਲਨੋਸਕੋਪੀ ਬਾਰੇ ਵਧੇਰੇ ਜਾਣਕਾਰੀ ਵਾਸਤੇ, ਦੇਖੋ: mycolonoscopy.ca.
"Optimizing colonoscopy" ਲੇਖਕ Harminder Singh ਅਤੇ John R. Walker, 2017, University of Manitoba, Canada
Creative Commons ਐਟਰੀਬਿਊਸ਼ਨ-ਨੋਡੈਰੀਵੇਟਿਵਜ਼ 4.0 ਇੰਟਰਨੈਸ਼ਨਲ ਲਾਇਸੰਸ ਤਹਿਤ ਲਾਇਸੰਸਸ਼ੁਦਾ ਹੈ। ਤੁਸੀਂ ਇਸ ਸਮੱਗਰੀ ਨੂੰ ਇਸਦੇ

ਲਗਾਉਣੇ ਪੈਂਦੇ। ਜੇ ਤੁਹਾਨੂੰ ਇੱਕ ਘੰਟੇ ਤੋਂ ਵਧੇਰੇ ਦੀ ਯਾਤਰਾ ਕਰਨੀ ਪੈਣੀ ਹੈ, ਤਾਂ ਕੋਲਨੋਸਕੋਪੀ ਤੋਂ ਪਹਿਲਾਂ ਵਾਲੀ ਸ਼ਾਮ ਤੋਂ ਸ਼ੁਰੂ ਕਰਕੇ ਕਿਸੇ ਅਜਿਹੇ ਸਥਾਨ ’ਤੇ ਰਹਿਣਾ ਸਭ ਤੋਂ ਵਧੀਆ ਹੋ ਸਕਦਾ ਹੈ ਜੋ ਕੋਲਨੋਸਕੋਪੀ ਵਾਲੀ ਸੁਵਿਧਾ ਦੇ ਵਧੇਰੇ ਨੇੜੇ ਹੋਵੇ। ਤੁਹਾਨੂੰ ਸਵੇਰੇ ਆਪਣੇ ਘਰ ਜਾਂ ਹੋਟਲ ਵਿੱਚੋਂ ਨਿਕਲਣ ਤੋਂ ਘੱਟੋ ਘੱਟ ਇੱਕ ਘੰਟਾ ਪਹਿਲਾਂ ਆਪਣੀ ਜੁਲਾਬ ਵਾਲੀ ਦਵਾਈ ਖਤਮ ਕਰ ਦੇਣੀ ਚਾਹੀਦੀ ਹੈ।

ਕੋਲਨੋਸਕੋਪੀ ਬਾਰੇ ਵਧੇਰੇ ਜਾਣਕਾਰੀ ਵਾਸਤੇ, ਦੇਖੋ: mycolonoscopy.ca.
“Optimizing colonoscopy” ਲੇਖਕ Harminder Singh ਅਤੇ John R. Walker, 2017, University of Manitoba, Canada
Creative Commons ਐਟਰੀਬਿਊਸ਼ਨ-ਨੋਡੈਰੀਵੇਟਿਵਜ਼ 4.0 ਇੰਟਰਨੈਸ਼ਨਲ ਲਾਇਸੰਸ ਤਹਿਤ ਲਾਇਸੰਸਸ਼ੁਦਾ ਹੈ। ਤੁਸੀਂ ਇਸ ਸਮੱਗਰੀ ਨੂੰ ਇਸਦੇ

## ਕੋਲਨੋਸਕੋਪੀ ਬਾਰੇ ਹੋਰ ਸਵਾਲ

### ਪ੍ਰਕਿਰਿਆ ਦੇ ਬਾਅਦ ਕਿਸੇ ਦਾ ਮੇਰੇ ਨਾਲ ਹੋਣਾ ਕਿਉਂ ਜ਼ਰੂਰੀ ਹੈ?

ਕੋਲਨੋਸਕੋਪੀ ਦੌਰਾਨ ਵਰਤੀ ਜਾਂਦੀ ਦਵਾਈ ਅਕਸਰ ਕਈ ਘੰਟੇ ਬਾਅਦ ਤੱਕ ਲੋਕਾਂ ਨੂੰ ਥੱਕੇ ਅਤੇ ਊਂਘਦੇ ਮਹਿਸੂਸ ਕਰਨ ਲਈ ਮਜ਼ਬੂਰ ਕਰਦੀ ਹੈ। ਇਹ ਲੋਕਾਂ ਵਾਸਤੇ ਗੱਡੀ ਚਲਾਉਣਾ ਜਾਂ ਇਕੱਲੇ ਯਾਤਰਾ ਕਰਨਾ ਅਸੁਰੱਖਿਅਤ ਬਣਾ ਦਿੰਦਾ ਹੈ।

ਆਪਣੇ ਨਾਲ ਕਿਸੇ ਨੂੰ ਲਿਆਉਣਾ ਮਹੱਤਵਪੂਰਨ ਹੈ ਜੋ ਟੈਸਟ ਤੋਂ ਬਾਅਦ ਪ੍ਰਦਾਨ ਕੀਤੇ ਜਾਂਦੇ ਨਤੀਜੇ ਸੁਣਨ ਲਈ ਰੁਕ ਸਕੇ ਅਤੇ ਫੇਰ ਤੁਹਾਨੂੰ ਘਰੇ ਲਿਜਾ ਸਕੇ। ਉਹਨਾਂ ਨੂੰ ਨਤੀਜਿਆਂ ਨੂੰ ਲਿਖਣ ਲਈ ਅਤੇ ਇਹ ਪੁੱਛਣ ਲਈ ਕਹੋ ਕਿ ਕੀ ਭਵਿੱਖ ਦੇ ਸਾਲਾਂ ਵਿੱਚ ਇੱਕ ਹੋਰ ਕੋਲਨੋਸਕੋਪੀ ਦਾ ਸੁਝਾਅ ਦਿੱਤਾ ਜਾਂਦਾ ਹੈ। ਤੁਹਾਨੂੰ ਸ਼ਾਂਤ ਕਰਨ ਲਈ ਵਰਤੀਆਂ ਜਾਂਦੀਆਂ ਦਵਾਈਆਂ ਦੇ ਕਰਕੇ ਕੋਲਨੋਸਕੋਪੀ ਤੋਂ ਬਾਅਦ ਤੁਸੀਂ ਊਂਘ ਮਹਿਸੂਸ ਕਰੋਂਗੇ। ਹੋ ਸਕਦਾ ਹੈ ਤੁਸੀਂ ਨਤੀਜਿਆਂ ਬਾਰੇ ਤੁਹਾਨੂੰ ਦੱਸੀਆਂ ਗੱਲਾਂ ਨੂੰ ਯਾਦ ਨਾ ਰੱਖੋਂ।

ਜੇ ਟੈਸਟ ਦੇ ਬਾਅਦ ਤੁਹਾਡੇ ਨਾਲ ਰਹਿਣ ਲਈ ਤੁਸੀਂ ਕਿਸੇ ਦਾ ਇੰਤਜ਼ਾਮ ਨਹੀਂ ਕਰ ਸਕਦੇ, ਤਾਂ ਹੋ ਸਕਦਾ ਹੈ ਕੋਲਨੋਸਕੋਪੀ ਵਾਲੇ ਡਾਕਟਰ ਕੋਲਨੋਸਕੋਪੀ ਤਾਂ ਕਰ ਦੇਣ ਪਰ ਉਹ ਤੁਹਾਨੂੰ ਸ਼ਾਂਤ ਕਰਨ ਵਾਲੀਆਂ ਦਵਾਈਆਂ ਘੱਟ (ਜਾਂ ਬਿਲਕੁੱਲ ਨਹੀਂ) ਦੇਣ ਅਤੇ/ਜਾਂ ਕੋਲਨੋਸਕੋਪੀ ਤੋਂ ਬਾਅਦ ਤੁਹਾਨੂੰ ਵਧੇਰੇ ਲੰਬੇ ਸਮੇਂ ਲਈ ਹਸਪਤਾਲ ਦੇ ਇੰਡੋਸਕੋਪੀ ਕਲੀਨਿਕ ਵਿੱਚ ਰੱਖਣ। ਹੋ ਸਕਦਾ ਹੈ ਉਹ ਤੁਹਾਨੂੰ ਘਰੇ ਟੈਕਸੀ 'ਤੇ ਜਾਣ ਲਈ ਕਹਿਣ।

### ਕੀ ਕੋਈ ਮੇਰੇ ਨਾਲ ਕਮਰੇ ਵਿੱਚ ਆ ਸਕਦਾ ਹੈ? ਕੀ ਮੈਨੂੰ ਇਕੱਲੇ ਰਹਿਣਾ ਪਵੇਗਾ?

ਜੇ ਤੁਹਾਡੇ ਟੈਸਟ ਨੂੰ ਆਪਰੇਟਿੰਗ ਰੂਮ ਵਿੱਚ ਨਹੀਂ ਕੀਤਾ ਜਾਂਦਾ ਤਾਂ ਕੁਝ ਕੁ ਡਾਕਟਰਾਂ ਨੂੰ ਇਸ ਚੀਜ਼ ਤੋਂ ਕੋਈ ਸਮੱਸਿਆ ਨਹੀਂ ਹੁੰਦੀ ਕਿ ਤੁਹਾਡੇ ਨਾਲ ਆਇਆ ਵਿਅਕਤੀ ਤੁਹਾਡੇ ਨਾਲ ਜਾਂਚ ਵਾਲੇ ਕਮਰੇ ਵਿੱਚ ਜਾਵੇ। ਟੈਸਟ ਪੂਰਾ ਹੋਣ ਦੇ ਬਾਅਦ, ਉਹਨਾਂ ਨੂੰ ਚਲੇ ਜਾਣ ਲਈ ਕਿਹਾ ਜਾਵੇਗਾ।

ਜੇ ਤੁਹਾਡੀਆਂ ਕੋਈ ਵਿਸ਼ੇਸ਼ ਲੋੜਾਂ ਹਨ ਤਾਂ ਇਹ ਵਿਚਾਰ ਕਰਨ ਲਈ ਟੈਸਟ ਵਾਲੇ ਦਿਨ ਤੋਂ ਕਾਫੀ ਪਹਿਲਾਂ ਹੀ ਆਪਣੇ ਕੋਲਨੋਸਕੋਪੀ ਡਾਕਟਰ ਨਾਲ ਗੱਲ ਕਰਨਾ ਸਭ ਤੋਂ ਵਧੀਆ ਰਹਿੰਦਾ ਹੈ ਕਿ ਇਹਨਾਂ ਲੋੜਾਂ ਦੀ ਪੂਰਤੀ ਕਿਵੇਂ ਕੀਤੀ ਜਾ ਸਕਦੀ ਹੈ।

### ਕੀ ਕੋਲਨੋਸਕੋਪੀ ਵਾਲੇ ਦਿਨ ਤੁਹਾਨੂੰ ਕੁਝ ਵਿਸ਼ੇਸ਼ ਕੱਪੜੇ ਪਹਿਨਣੇ ਪੈਣਗੇ?

ਨਹੀਂ, ਪਰ ਤੁਹਾਨੂੰ ਕੱਪੜੇ ਬਦਲਕੇ ਹਸਪਤਾਲ ਦਾ ਗਾਊਨ ਪਹਿਨਣ ਲਈ ਕਿਹਾ ਜਾਵੇਗਾ। ਅਕਸਰ ਤੁਹਾਡੀਆਂ ਜ਼ਿਆਦਾਤਰ ਬਹੁਮੁੱਲੀਆਂ ਚੀਜ਼ਾਂ ਨੂੰ ਘਰੇ ਛੱਡਣ ਦੇਣਾ ਸਭ ਤੋਂ ਵਧੀਆ ਰਹਿੰਦਾ ਹੈ ਅਤੇ ਕੇਵਲ ਉਹੀ ਚੀਜ਼ਾਂ ਲਿਆਓ ਜਿੰਨ੍ਹਾਂ ਦੀ ਤੁਹਾਨੂੰ ਉਸ ਦਿਨ ਲੋੜ ਹੈ ਜਿਸ ਵਿੱਚ ਤੁਹਾਡਾ ਮੈਡੀਕਲ ਕਾਰਡ ਵੀ ਸ਼ਾਮਲ ਹੈ।

### ਕੋਲਨੋਸਕੋਪੀ ਵਾਸਤੇ ਕਿਸ ਕਿਸਮਾਂ ਦੀਆਂ ਦਵਾਈਆਂ (ਨੀਮ-ਬੇਹੋਸ਼ ਕਰਨ ਵਾਲੀਆਂ ਦਵਾਈਆਂ) ਦੀ ਵਰਤੋਂ ਕੀਤੀ ਜਾਂਦੀ ਹੈ?

ਵਿਭਿੰਨ ਡਾਕਟਰਾਂ ਦੁਆਰਾ ਵਿਭਿੰਨ ਦਵਾਈਆਂ ਵਰਤੀਆਂ ਜਾਂਦੀਆਂ ਹਨ। ਜ਼ਿਆਦਾ ਆਮ ਵਰਤੀਆਂ ਜਾਂਦੀਆਂ ਦਵਾਈਆਂ ਨੀਮ-ਬੇਹੋਸ਼ੀ ਜਾਂ ਦਰਦ ਵਾਸਤੇ ਦਵਾਈਆਂ ਦੀਆਂ ਛੋਟੀਆਂ ਮਾਤਰਾਵਾਂ ਹੁੰਦੀਆਂ ਹਨ (ਜਿਵੇਂ ਕਿ fentanyl, midazolam (ਜਿਸਨੂੰ versed



"Optimizing colonoscopy" ਲੇਖਕ Harminder Singh ਅਤੇ John R. Walker, 2017, University of Manitoba, Canada
Creative Commons ਐਟਰੀਬਿਊਸ਼ਨ-ਨੋਡੈਰੀਵੇਟਿਵਜ਼ 4.0 ਇੰਟਰਨੈਸ਼ਨਲ ਲਾਇਸੰਸ ਤਹਿਤ ਲਾਇਸੰਸਸ਼ੁਦਾ ਹੈ। ਤੁਸੀਂ ਇਸ ਸਮੱਗਰੀ ਨੂੰ ਇਸਦੇ

ਵੀ ਕਿਹਾ ਜਾਂਦਾ ਹੈ) ਅਤੇ propofol)। ਇਹਨਾਂ ਦਵਾਈਆਂ ਦੇ ਕਰਕੇ, ਕਈ ਲੋਕਾਂ ਨੂੰ ਕੋਲਨੋਸਕੋਪੀ ਪੂਰੀ ਹੋਣ ਬਾਅਦ ਇਸ ਬਾਰੇ ਕੁਝ ਵੀ ਯਾਦ ਨਹੀਂ ਰਹਿੰਦਾ। ਕੋਲਨੋਸਕੋਪੀ ਪੂਰੀ ਹੋਣ ਤੋਂ ਬਾਅਦ ਇੱਕ ਜਾਂ ਦੋ ਘੰਟੇ ਲਈ ਹੋ ਸਕਦਾ ਹੈ ਤੁਸੀਂ ਠੀਕ ਤਰ੍ਹਾਂ ਯਾਦ ਨਾ ਰੱਖ ਸਕੋਂ ਜਾਂ ਆਪਣੇ ਪੈਰਾਂ 'ਤੇ ਸਥਿਰ ਖੜ੍ਹੇ ਨਾ ਰਹਿ ਸਕੋਂ।

ਪਿਛਲੇ ਕੁਝ ਸਮੇਂ ਤੋਂ Fentanyl ਖ਼ਬਰਾਂ ਵਿੱਚ ਬਣੀ ਰਹੀ ਹੈ ਅਤੇ ਕੁਝ ਲੋਕ ਇਸ ਨੂੰ ਲੈਕੇ ਚਿੰਤਤ ਹੋ ਸਕਦੇ ਹਨ। ਇਸ ਦਵਾਈ ਦੀ ਕੋਲਨੋਸਕੋਪੀ ਅਤੇ ਹੋਰ ਡਾਕਟਰੀ ਟੈਸਟਾਂ ਵਾਸਤੇ ਬਕਾਇਦਾ ਵਰਤੋਂ ਕੀਤੀ ਜਾਂਦੀ ਹੈ ਅਤੇ ਜਦੋਂ ਇਹ ਇਸ ਤਰ੍ਹਾਂ ਵਰਤੀ ਜਾਂਦੀ ਹੈ ਤਾਂ ਸੁਰੱਖਿਅਤ ਹੁੰਦੀ ਹੈ। ਜੇ ਤੁਹਾਡੇ ਇਸ ਬਾਰੇ ਕੋਈ ਸਵਾਲ ਹੋਣ ਤਾਂ ਤੁਸੀਂ ਆਪਣੇ ਪਰਿਵਾਰਕ ਡਾਕਟਰ ਜਾਂ ਕੋਲਨੋਸਕੋਪੀ ਡਾਕਟਰ ਨੂੰ ਪੁੱਛ ਸਕਦੇ ਹੋ।

ਕੋਲਨੋਸਕੋਪੀ ਬਾਰੇ ਵਧੇਰੇ ਜਾਣਕਾਰੀ ਵਾਸਤੇ, ਦੇਖੋ: mycolonoscopy.ca.
"Optimizing colonoscopy" ਲੇਖਕ Harminder Singh ਅਤੇ John R. Walker, 2017, University of Manitoba, Canada
Creative Commons ਐਟਰੀਬਿਊਸ਼ਨ-ਨੋਡੈਰੀਵੇਟਿਵਜ਼ 4.0 ਇੰਟਰਨੈਸ਼ਨਲ ਲਾਇਸੰਸ ਤਹਿਤ ਲਾਇਸੰਸਸ਼ੁਦਾ ਹੈ। ਤੁਸੀਂ ਇਸ ਸਮੱਗਰੀ ਨੂੰ ਇਸਦੇ

INFORMED CHOICES ABOUT

# COLONOSCOPY

## ਕੀ ਕੋਈ ਅੰਤਰਨਸੀ ਲਾਈਨ (I.V.) ਵੀ ਲਾਈ ਜਾਵੇਗੀ?

ਇੱਕ ਅੰਤਰਨਸੀ (IV) ਲਾਈਨ ਆਮ ਤੌਰ ’ਤੇ ਤੁਹਾਡੀ ਬਾਂਹ ਵਿੱਚ ਲਗਾਈ ਜਾਵੇਗੀ। ਇਸ IV ਲਾਈਨ ਨੂੰ ਤੁਹਾਨੂੰ ਨੀਮ-ਬੇਹੋਸ਼ ਕਰਨ (ਤੁਹਾਨੂੰ ਸੁਆ ਦੇਣ) ਵਾਲੀਆਂ ਦਵਾਈਆਂ (ਅਕਸਰ midazolam ਅਤੇ fentanyl) ਪ੍ਰਦਾਨ ਕਰਾਉਣ ਅਤੇ ਦਰਦ ਦੀ ਸੰਭਾਵਨਾ ਨੂੰ ਘੱਟ ਕਰਨ ਲਈ ਵਰਤਿਆ ਜਾਵੇਗਾ।

## ਕੀ ਤੁਹਾਨੂੰ ਨੀਮ-ਬੇਹੋਸ਼ੀ ਦੀ ਦਵਾਈ ਦੀ ਲੋੜ ਹੈ?

ਹਾਲਾਂਕਿ, ਉੱਤਰੀ ਅਮਰੀਕਾ ਵਿੱਚ ਜ਼ਿਆਦਾਤਰ ਲੋਕ ਕੋਲਨੋਸਕੋਪੀ ਵਾਸਤੇ ਦਵਾਈਆਂ ਦੀ ਵਰਤੋਂ ਕਰਦੇ ਹਨ (ਤਾਂ ਜੋ ਤੁਹਾਨੂੰ ਨੀਂਦ ਆ ਜਾਵੇ), ਕੁਝ ਲੋਕ ਬਿਨਾਂ ਕਿਸੇ ਨੀਮ-ਬੇਹੋਸ਼ੀ ਦੀਆਂ ਦਵਾਈਆਂ ਦੇ ਕੋਲਨੋਸਕੋਪੀ ਕਰਵਾਉਂਦੇ ਹਨ। ਯੂਰਪ ਵਿੱਚ ਕੋਲਨੋਸਕੋਪੀ ਨੂੰ ਅਕਸਰ ਬਿਨਾਂ ਕਿਸੇ ਨੀਮ-ਬੇਹੋਸ਼ੀ ਦੀਆਂ ਦਵਾਈਆਂ ਦੇ ਕੀਤਾ ਜਾਂਦਾ ਹੈ। ਜਿਹੜੇ ਲੋਕ ਨੀਮ-ਬੇਹੋਸ਼ੀ ਦੀਆਂ ਦਵਾਈਆਂ ਦੀ ਵਰਤੋਂ ਨਹੀਂ ਕਰਦੇ, ਉਹ ਪ੍ਰਕਿਰਿਆ ਨੂੰ ਯਾਦ ਰੱਖਣਗੇ ਅਤੇ ਉਹਨਾਂ ਨੂੰ ਕੁਝ ਬੇਆਰਾਮੀ ਅਤੇ ਸੰਭਵ ਤੌਰ ’ਤੇ ਕੁਝ ਦਰਦ ਦਾ ਅਨੁਭਵ ਹੋ ਸਕਦਾ ਹੈ। ਕੋਲਨ ਦਾ ਚਿਤਰ ਦੇਖਣ ਲਈ ਉਹ ਵੀਡੀਓ ਡਿਸਪਲੇ ਦੇਖਣ ਦੇ ਵੀ ਯੋਗ ਹੋਣਗੇ (ਜੇ ਉਹ ਇੱਛਾ ਕਰਦੇ ਹਨ)। ਕੋਲਨੋਸਕੋਪੀ ਦੇ ਤੁਰੰਤ ਬਾਅਦ ਉਹ ਸਾਧਾਰਨ ਕਿਰਿਆਵਾਂ ’ਤੇ ਵਾਪਸ ਪਰਤ ਸਕਦੇ ਹਨ।

ਨੀਮ-ਬੇਹੋਸ਼ੀ ਦੀਆਂ ਦਵਾਈਆਂ ਲੈਣ ਵਾਲੇ ਵਿਅਕਤੀਆਂ ਨੂੰ ਦਰਦ ਜਾਂ ਬੇਆਰਾਮੀ ਹੋਣ ਦੀ ਸੰਭਾਵਨਾ ਘੱਟ ਹੁੰਦੀ ਹੈ। ਉਹਨਾਂ ਨੂੰ ਪ੍ਰਕਿਰਿਆ ਦੇ ਬਾਅਦ 24 ਘੰਟਿਆਂ ਤੱਕ ਗੱਡੀ ਨਹੀਂ ਚਲਾਉਣੀ ਚਾਹੀਦੀ ਅਤੇ ਕਿਸੇ ਨੂੰ ਨਾਲ ਲਿਆਉਣਾ ਚਾਹੀਦਾ ਹੈ ਜੋ ਕੋਲਨੋਸਕੋਪੀ ਤੋਂ ਬਾਅਦ ਉਹਨਾਂ ਨੂੰ ਘਰ ਲਿਜਾ ਸਕੇ ਅਤੇ ਉਹਨਾਂ ਦੇ ਨਾਲ ਰਹਿ ਸਕੇ।

ਜੇ ਨੀਮ-ਬੇਹੋਸ਼ੀ ਵਾਸਤੇ ਵਰਤੀਆਂ ਜਾਂਦੀਆਂ ਦਵਾਈਆਂ ਬਾਰੇ ਤੁਹਾਡੀਆਂ ਕੋਈ ਤਰਜੀਹਾਂ ਜਾਂ ਸਵਾਲ ਹਨ, ਤਾਂ ਕੋਲਨੋਸਕੋਪੀ ਤੋਂ ਇੱਕ ਦਿਨ ਪਹਿਲਾਂ ਇਸ ਬਾਰੇ ਟੈਸਟ ਕਰਨ ਵਾਲੇ ਡਾਕਟਰ ਜਾਂ ਉਹਨਾਂ ਦੀ ਨਰਸ ਨੂੰ ਪੁੱਛੋ। ਜ਼ਿਆਦਾਤਰ ਡਾਕਟਰਾਂ ਦੀਆਂ ਉਹਨਾਂ ਦਵਾਈਆਂ ਬਾਰੇ ਤਰਜੀਹਾਂ ਹੁੰਦੀਆਂ ਹਨ ਜੋ ਉਹ ਕੋਲਨੋਸਕੋਪੀ ਵਾਸਤੇ ਵਰਤਦੇ ਹਨ।

## ਕੋਲਨੋਸਕੋਪੀ ਕਰਵਾਉਣ ਵਾਲੇ ਲੋਕ ਸੰਪੂਰਨ ਬੇਹੋਸ਼ੀ ਵਾਲੀ ਦਵਾਈ ਕਿਉਂ ਨਹੀਂ ਲੈਂਦੇ ਜਿਵੇਂ ਕਿ ਉਹ ਵੱਡੀ ਸਰਜਰੀ ਮੌਕੇ ਲੈਣਗੇ?

ਸੰਪੂਰਨ ਬੇਹੋਸ਼ੀ (general anesthetic) ਵਾਸਤੇ ਬੇਹੋਸ਼ੀ ਦੇ ਮਾਹਰ ਡਾਕਟਰ ਅਤੇ ਇੱਕ ਸਾਹ ਲੈਣ ਵਾਲੀ ਟਿਊਬ ਅਤੇ ਬਣਾਉਟੀ ਸਾਹ ਕਿਰਿਆ ਮਸ਼ੀਨ ਦੀ ਜ਼ਰੂਰਤ ਹੁੰਦੀ ਹੈ ਜਦ ਤੁਸੀਂ ਆਪਣੇ ਆਪ ਕਾਫੀ ਮਾਤਰਾ ਵਿੱਚ ਸਾਹ ਲੈਣ ਦੇ ਯੋਗ ਨਹੀਂ ਹੁੰਦੇ। ਸੰਪੂਰਨ ਬੇਹੋਸ਼ੀ ਵਾਲੀ ਦਵਾਈ ਦੇ ਨਾਲ ਕੋਲਨੋਸਕੋਪੀ ਵਿੱਚ ਅਕਸਰ ਵਰਤੀਆਂ ਜਾਂਦੀਆਂ ਦਵਾਈਆਂ ਦੇ ਮੁਕਾਬਲੇ ਸਮੱਸਿਆਵਾਂ ਹੋਣ ਦਾ ਵਧੇਰੇ ਖਤਰਾ ਰਹਿੰਦਾ ਹੈ।

ਜ਼ਿਆਦਾਤਰ ਲੋਕ ਸੰਪੂਰਨ ਬੇਹੋਸ਼ੀ ਤੋਂ ਬਿਨਾਂ ਵੀ ਵਧੀਆ ਰਹਿੰਦੇ ਹਨ।

## ਕੋਲਨੋਸਕੋਪੀ ਕਿੰਨ੍ਹੀ ਕੁ ਦਰਦਨਾਕ ਹੈ?

ਹਰ ਕਿਸੇ ਨੂੰ ਕੋਲਨੋਸਕੋਪੀ ਤੋਂ ਦਰਦ ਦੀਆਂ ਵਿਭਿੰਨ ਪ੍ਰਤੀਕਿਰਿਆਵਾਂ ਹੁੰਦੀਆਂ ਹਨ। ਜ਼ਿਆਦਾਤਰ ਲੋਕ ਕੋਲਨੋਸਕੋਪੀ ਦੌਰਾਨ ਕਿਸੇ ਕਿਸਮ ਦੇ ਦਰਦ ਨੂੰ ਯਾਦ ਨਹੀਂ ਰੱਖਦੇ। ਕੋਲਨੋਸਕੋਪੀ ਦੌਰਾਨ ਬੇਆਰਾਮੀ ਥੋੜ੍ਹੇ ਸਮਿਆਂ ਲਈ ਵਾਪਰ ਸਕਦੀ ਹੈ, ਜੋ ਜ਼ਿਆਦਾਤਰ ਲੋਕਾਂ ਨੂੰ ਯਾਦ ਨਹੀਂ ਰਹਿੰਦੀ। ਬੇਆਰਾਮੀ ਨੂੰ ਘੱਟ ਕਰਨ ਲਈ ਦਵਾਈਆਂ ਦੀ ਵਰਤੋਂ ਕੀਤੀ ਜਾਂਦੀ ਹੈ। ਬੇਆਰਾਮੀ ਨੂੰ ਘੱਟ ਕਰਨ



“Optimizing colonoscopy” ਲੇਖਕ Harminder Singh ਅਤੇ John R. Walker, 2017, University of Manitoba, Canada
Creative Commons ਐਟਰੀਬਿਊਸ਼ਨ-ਨੋਡੈਰੀਵੇਟਿਵਜ਼ 4.0 ਇੰਟਰਨੈਸ਼ਨਲ ਲਾਇਸੰਸ ਤਹਿਤ ਲਾਇਸੰਸਸ਼ੁਦਾ ਹੈ। ਤੁਸੀਂ ਇਸ ਸਮੱਗਰੀ ਨੂੰ ਇਸਦੇ

ਵਿੱਚ ਮਦਦ ਕਰਨ ਲਈ ਤੁਹਾਡਾ ਡਾਕਟਰ ਤੁਹਾਨੂੰ ਪਾਸਾ ਬਦਲਣ ਵਰਗੀਆਂ ਚੀਜ਼ਾਂ ਕਰਨ ਲਈ ਕਹਿ ਸਕਦਾ ਹੈ।

ਤੁਹਾਡੀ ਕੋਲਨ ਨੂੰ ਕੋਲਨੋਸਕੋਪੀ ਦੌਰਾਨ ਹਵਾ ਦੇ ਨਾਲ ਭਰਿਆ ਜਾਂਦਾ ਹੈ ਜਿਸ ਕਰਕੇ ਬਾਅਦ ਵਿੱਚ ਅਫਾਰਾ ਅਤੇ ਬੇਆਰਾਮੀ ਹੋ ਸਕਦੀ ਹੈ।

ਕੋਲਨੋਸਕੋਪੀ ਬਾਰੇ ਵਧੇਰੇ ਜਾਣਕਾਰੀ ਵਾਸਤੇ, ਦੇਖੋ: mycolonoscopy.ca.
"Optimizing colonoscopy" ਲੇਖਕ Harminder Singh ਅਤੇ John R. Walker, 2017, University of Manitoba, Canada
Creative Commons ਐਟਰੀਬਿਊਸ਼ਨ-ਨੋਡੈਰੀਵੇਟਿਵਜ਼ 4.0 ਇੰਟਰਨੈਸ਼ਨਲ ਲਾਇਸੰਸ ਤਹਿਤ ਲਾਇਸੰਸਸ਼ੁਦਾ ਹੈ। ਤੁਸੀਂ ਇਸ ਸਮੱਗਰੀ ਨੂੰ ਇਸਦੇ

INFORMED CHOICES ABOUT

# COLONOSCOPY

## ਕੋਲਨੋਸਕੋਪੀ ਰੂਮ ਵਿੱਚ ਕਿੰਨੇ ਲੋਕ ਸ਼ਾਮਲ ਹੁੰਦੇ ਹਨ?

ਕੋਲਨੋਸਕੋਪੀ ਡਾਕਟਰ ਤੋਂ ਇਲਾਵਾ, ਕਮਰੇ ਵਿੱਚ ਇੱਕ ਨਰਸ ਹੁੰਦੀ ਹੈ। ਹੋਰ ਨਰਸਾਂ, ਡਾਕਟਰ, ਵਿਦਿਆਰਥੀ ਡਾਕਟਰ ਜਾਂ ਨਰਸਾਂ ਵੀ ਮੌਜੂਦ ਹੋ ਸਕਦੇ ਹਨ।

## ਇਹਨਾਂ ਵਧੀਕ ਲੋਕਾਂ ਦੀਆਂ ਕੀ ਭੂਮਿਕਾਵਾਂ ਹੁੰਦੀਆਂ ਹਨ?

ਇਹ ਵਾਧੂ ਲੋਕ ਔਜ਼ਾਰ ਪਕੜਾ ਕੇ ਜਾਂ ਤੁਹਾਨੂੰ ਦਵਾਈਆਂ ਦੇਕੇ ਤੁਹਾਡੇ ਡਾਕਟਰ ਦੀ ਟੈਸਟ ਕਰਨ ਵਿੱਚ ਮਦਦ ਕਰਦੇ ਹਨ।

## ਜੇ ਪੌਲਿਪਾਂ ਨੂੰ ਕੱਢਿਆ ਜਾਂਦਾ ਹੈ ਤਾਂ ਕੀ ਤੁਸੀਂ ਮਹਿਸੂਸ ਕਰ ਸਕਦੇ ਹੋ?

ਤੁਹਾਨੂੰ ਪੌਲਿਪਾਂ ਦਾ ਕੱਢਿਆ ਜਾਣਾ ਮਹਿਸੂਸ ਨਹੀਂ ਹੋਵੇਗਾ ਕਿਉਂਕਿ ਕੋਲਨ ਵਿੱਚ ਨਸਾਂ ਦੇ ਕੋਈ ਅੰਤਲੇ ਸਿਰੇ (nerve endings) ਨਹੀਂ ਹੁੰਦੇ ਜੋ ਦਰਦ ਪ੍ਰਤੀ ਸੰਵੇਦਨਸ਼ੀਲ ਹੋਣ।

## ਕੋਲਨੋਸਕੋਪੀ ਦੌਰਾਨ ਕੀ ਵਾਪਰੇਗਾ?

1. ਤੁਹਾਨੂੰ ਤੁਹਾਡੇ ਖੱਬੇ ਪਾਸੇ ਲਿਟਾਇਆ ਜਾਵੇਗਾ। ਕਈ ਹਸਪਤਾਲਾਂ/ਇੰਡੋਸਕੋਪੀ ਸੁਵਿਧਾਵਾਂ ਵਿੱਚ, ਤੁਹਾਨੂੰ ਆਕਸੀਜਨ ਦਿੱਤੀ ਜਾਵੇਗੀ, ਅਤੇ ਸਮੁੱਚੀ ਪ੍ਰਕਿਰਿਆ ਦੌਰਾਨ ਤੁਹਾਡੇ ਖੂਨ ਦੇ ਦਬਾਅ, ਦਿਲ ਦੀ ਧੜਕਣ ਅਤੇ ਸਾਹ ਕਿਰਿਆ ਉੱਤੇ ਨਜ਼ਰ ਰੱਖੀ ਜਾਵੇਗੀ।

2. ਤੁਹਾਨੂੰ ਨੀਮ-ਬੇਹੋਸ਼ ਕਰਨ ਲਈ ਦਵਾਈਆਂ ਦਿੱਤੀਆਂ ਜਾਣਗੀਆਂ। ਇਹਨਾਂ ਦਵਾਈਆਂ ਦਾ ਮਕਸਦ ਸਮੁੱਚੇ ਟੈਸਟ ਦੌਰਾਨ ਤੁਹਾਨੂੰ ਆਰਾਮਦਾਇਕ ਬਣਾਈ ਰੱਖਣਾ ਹੈ। ਕੁਝ ਲੋਕ ਟੈਸਟ ਦੌਰਾਨ ਸੌਂ ਜਾਂਦੇ ਹਨ। ਕੁਝ ਹੋਰ ਥੋੜ੍ਹਾ ਵਧੇਰੇ ਸੁਚੇਤ ਹੁੰਦੇ ਹਨ।

3. ਡਾਕਟਰ ਇੱਕ ਜਾਂਚ ਕਰਨ ਵਾਲੀ ਉਂਗਲੀ ਗੁਦਾ ਵਿੱਚ ਦਾਖਲ ਕਰਕੇ ਜਾਂਚ ਸ਼ੁਰੂ ਕਰੇਗਾ। ਫੇਰ ਕੋਲਨੋਸਕੋਪੀ ਟਿਊਬ, ਜੋ ਜਾਂਚ ਵਾਲੀ ਉਂਗਲੀ ਦੀ ਮੋਟਾਈ ਦੇ ਬਰਾਬਰ ਦੀ ਹੁੰਦੀ ਹੈ, ਤੁਹਾਡੀ ਗੁਦਾ ਦੇ ਅੰਦਰ ਦਾਖਲ ਕੀਤੀ ਜਾਵੇਗੀ ਅਤੇ ਤੁਹਾਡੀ ਕੋਲਨ (ਵੱਡੀ ਆਂਤੜੀ/ਵੱਡੀ ਆਂਦਰ) ਦੀ ਜਾਂਚ ਕੀਤੀ ਜਾਵੇਗੀ।

4. ਇਸ ਪ੍ਰਕਿਰਿਆ ਨੂੰ ਲਗਭਗ 20 ਤੋਂ 45 ਮਿੰਟਾਂ ਵਿੱਚ ਕੀਤਾ ਜਾਂਦਾ ਹੈ। ਤੁਹਾਡਾ ਡਾਕਟਰ ਇਹ ਸਮਾਂ ਧਿਆਨ ਨਾਲ ਟਿਊਬ ਨੂੰ ਤੁਹਾਡੀ ਕੋਲਨ ਵਿੱਚ ਘੁੰਮਾਉਂਦੇ ਹੋਏ ਅਤੇ ਕੋਲਨ ਦੀ ਕਿਨਾਰੀ ਨੂੰ ਦੇਖਦੇ ਹੋਏ ਬਿਤਾਉਂਦਾ ਹੈ। ਦੇਖਣ ਦੀ ਪ੍ਰਕਿਰਿਆ ਵਿੱਚ ਸੁਧਾਰ ਕਰਨ ਲਈ ਕੋਲਨੋਸਕੋਪ ਦੀ ਵਰਤੋਂ ਹਵਾ ਜਾਂ ਪਾਣੀ ਪਾਉਣ ਲਈ ਕੀਤੀ ਜਾ ਸਕਦੀ ਹੈ। ਇਸ ਉਪਕਰਨ ਦੀ ਵਰਤੋਂ ਟਿਸ਼ੂ ਦੇ ਨਮੂਨੇ ਲੈਣ ਲਈ ਜਾਂ ਪੌਲਿਪ ਨੂੰ ਬਾਹਰ ਕੱਢਣ ਲਈ ਕੀਤੀ ਜਾ ਸਕਦੀ ਹੈ, ਪਰ ਜਦ ਅਜਿਹਾ ਕੀਤਾ ਜਾਂਦਾ ਹੈ ਤਾਂ ਤੁਸੀਂ ਕੁਝ ਵੀ ਮਹਿਸੂਸ ਨਹੀਂ ਕਰੋਂਗੇ।



"Optimizing colonoscopy" ਲੇਖਕ Harminder Singh ਅਤੇ John R. Walker, 2017, University of Manitoba, Canada
Creative Commons ਐਟਰੀਬਿਊਸ਼ਨ-ਨੋਡੈਰੀਵੇਟਿਵਜ਼ 4.0 ਇੰਟਰਨੈਸ਼ਨਲ ਲਾਇਸੰਸ ਤਹਿਤ ਲਾਇਸੰਸਸ਼ੁਦਾ ਹੈ। ਤੁਸੀਂ ਇਸ ਸਮੱਗਰੀ ਨੂੰ ਇਸਦੇ

# ਕੋਲਨੋਸਕੋਪੀ ਤੋਂ ਬਾਅਦ ਪੁਨਰ-ਸਿਹਤਯਾਬੀ ਬਾਰੇ ਸਵਾਲ

## ਕੋਲਨੋਸਕੋਪੀ ਦੇ ਬਾਅਦ ਪੁਨਰ-ਸਿਹਤਯਾਬੀ ਕਿਵੇਂ ਹੁੰਦੀ ਹੈ?

1. ਜੇ ਤੁਹਾਡੀ ਪ੍ਰਕਿਰਿਆ ਦੇ ਨਾਲ ਤੁਸੀਂ ਨੀਮ-ਬੇਹੋਸ਼ੀ ਦੀ ਦਵਾਈ ਲੈਂਦੇ ਹੋ: ਪ੍ਰਕਿਰਿਆ ਦੇ ਬਾਅਦ, ਤੁਸੀਂ 30 ਤੋਂ 60 ਮਿੰਟਾਂ ਦਾ ਸਮਾਂ ਰਿਕਵਰੀ ਰੂਮ ਵਿੱਚ ਬਿਤਾਉਂਦੇ ਹੋ ਜਦ ਤੱਕ ਕਿ ਤੁਸੀਂ ਵਧੇਰੇ ਜਾਗਦੇ ਅਤੇ ਸੁਚੇਤ ਨਹੀਂ ਹੋ ਜਾਂਦੇ। ਪੁਨਰ-ਸਿਹਤਯਾਬੀ ਦੇ ਬਾਅਦ, ਤੁਹਾਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਜਾਵੇਗੀ।
   ਤੁਹਾਨੂੰ 24 ਘੰਟਿਆਂ ਲਈ ਗੱਡੀ ਨਹੀਂ ਚਲਾਉਣੀ ਚਾਹੀਦੀ ਅਤੇ ਆਪਣੇ ਨਾਲ ਕਿਸੇ ਅਜਿਹੇ ਵਿਅਕਤੀ ਨੂੰ ਲਿਆਉਣਾ ਚਾਹੀਦਾ ਹੈ ਜੋ ਤੁਹਾਨੂੰ ਘਰ ਲੈ ਜਾਵੇਗਾ ਅਤੇ ਤੁਹਾਡੇ ਪੂਰੀ ਤਰ੍ਹਾਂ ਸਿਹਤਯਾਬ ਹੋਣ ਤੱਕ ਤੁਹਾਡੇ ਨਾਲ ਰਹੇਗਾ। ਤੁਹਾਡਾ ਡਾਕਟਰ ਇਹ ਲੋੜ ਸਕਦਾ ਹੈ ਕਿ ਤੁਸੀਂ ਕਿਸੇ ਨੂੰ ਰਾਤ ਭਰ ਆਪਣੇ ਕੋਲ ਰੱਖਣ ਦਾ ਇੰਤਜ਼ਾਮ ਕਰੋ।

   ਜੇ ਤੁਹਾਡੀ ਪ੍ਰਕਿਰਿਆ ਦੇ ਨਾਲ ਤੁਸੀਂ ਨੀਮ-ਬੇਹੋਸ਼ੀ ਦੀ ਦਵਾਈ ਨਹੀਂ ਲੈਂਦੇ ਹੋ: ਤੁਸੀਂ ਕੋਲਨੋਸਕੋਪੀ ਦੇ ਤੁਰੰਤ ਬਾਅਦ ਘਰ ਜਾਂ
   ਵਾਪਸ ਕੰਮ ’ਤੇ ਜਾ ਸਕਦੇ ਹੋ। ਤੁਹਾਨੂੰ ਕਿਸੇ ਨੂੰ ਵੀ ਆਪਣੇ ਕੋਲ ਰੱਖਣ ਦੀ ਲੋੜ ਨਹੀਂ ਹੈ ਅਤੇ ਤੁਸੀਂ ਖੁਦ ਗੱਡੀ ਚਲਾਉਣ ਦੇ ਯੋਗ ਹੁੰਦੇ ਹੋ।

2. ਟੈਸਟ ਦੇ ਸਿੱਟੇ ਦੇ ਸਬੰਧ ਵਿੱਚ ਤੁਹਾਡਾ ਡਾਕਟਰ ਤੁਹਾਨੂੰ ਇੱਕ ਨੋਟ ਪ੍ਰਦਾਨ ਕਰੇਗਾ। ਤੁਹਾਡਾ ਡਾਕਟਰ ਜਾਂ ਨਰਸ ਨਤੀਜਿਆਂ ਬਾਰੇ ਤੁਹਾਡੇ ਨਾਲ ਅਤੇ ਤੁਹਾਡੇ ਨਾਲ ਆਏ ਵਿਅਕਤੀ ਨਾਲ ਵਿਚਾਰ-ਵਟਾਂਦਰਾ ਕਰਨਗੇ। ਜੇ ਕੋਲਨੋਸਕੋਪੀ ਦੌਰਾਨ ਤੁਹਾਨੂੰ ਨੀਮ-ਬੇਹੋਸ਼ੀ ਦੀ ਦਵਾਈ ਦਿੱਤੀ ਗਈ ਸੀ, ਤਾਂ ਹੋ ਸਕਦਾ ਹੈ ਵਿਚਾਰ-ਵਟਾਂਦਰਾ ਤੁਹਾਨੂੰ ਯਾਦ ਨਾ ਰਹੇ। ਇਹ ਅਹਿਮ ਹੈ ਕਿ ਤੁਸੀਂ ਕਿਸੇ ਅਜਿਹੇ ਵਿਅਕਤੀ ਨੂੰ ਨਾਲ ਲੈਕੇ ਆਵੋਂ ਜੋ ਨਤੀਜਿਆਂ ਬਾਰੇ ਸੁਣ ਸਕੇ ਅਤੇ ਬਾਅਦ ਵਿੱਚ ਤੁਹਾਨੂੰ ਦੱਸ ਸਕੇ।

3. ਕੱਢੇ ਗਏ ਕਿਸੇ ਵੀ ਪੌਲਿਪਾਂ ਜਾਂ ਟਿਸ਼ੂ ਦੇ ਨਮੂਨਿਆਂ (ਬਾਇਓਪਸੀਆਂ) ਨੂੰ ਕਿਸੇ ਪੈਥੋਲੋਜਿਸਟ ਦੁਆਰਾ ਸਮੀਖਿਆ ਕਰਨ ਲਈ ਭੇਜਿਆ ਜਾਵੇਗਾ। ਨਤੀਜੇ ਆਮ ਤੌਰ ’ਤੇ ਇੱਕ ਮਹੀਨੇ ਅੰਦਰ ਉਪਲਬਧ ਹੋ ਜਾਂਦੇ ਹਨ। ਜੇ ਕੋਈ ਫਿਕਰ ਵਾਲੀ ਗੱਲ ਜਾਂ ਅਹਿਮ ਲੱਭਤਾਂ ਪਾਈਆਂ ਜਾਂਦੀਆਂ ਹਨ, ਤਾਂ ਤੁਹਾਡੇ ਡਾਕਟਰ ਦੇ ਦਫਤਰ ਦੁਆਰਾ ਤੁਹਾਨੂੰ ਸਿੱਧੇ ਤੌਰ ’ਤੇ ਕਾਲ ਕੀਤੀ ਜਾਵੇਗੀ, ਜਾਂ ਨਤੀਜਿਆਂ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਤੁਹਾਨੂੰ ਕਲੀਨਿਕ ਵਿਖੇ ਵਾਪਸ ਆਉਣ ਲਈ ਕਿਹਾ ਜਾ ਸਕਦਾ ਹੈ।
   ਤੁਹਾਡੀ ਸਿਫਾਰਸ਼ ਕਰਨ ਵਾਲੇ ਡਾਕਟਰ ਜਾਂ ਨਰਸ ਨੂੰ ਵੀ ਇੱਕ ਪੱਤਰ ਭੇਜਿਆ ਜਾਵੇਗਾ ਤਾਂ ਜੋ ਉਹਨਾਂ ਨੂੰ ਨਤੀਜਿਆਂ ਬਾਰੇ ਸੂਚਿਤ ਕੀਤਾ ਜਾ ਸਕੇ ਅਤੇ ਜੇ ਜ਼ਰੂਰੀ ਹੋਵੇ ਤਾਂ ਅਗਲੇਰੇ ਇਲਾਜ ਦੀਆਂ ਯੋਜਨਾਵਾਂ ਉਲੀਕੀਆਂ ਜਾ ਸਕਣ।

## ਨੀਮ-ਬੇਹੋਸ਼ੀ ਦੇ ਬਾਅਦ ਕਿੰਨ੍ਹੇ ਕੁ ਸਮੇਂ ਬਾਅਦ ਮੈਂ ਸਪੱਸ਼ਟ ਰੂਪ ਵਿੱਚ ਸੋਚਣ ਦੇ ਯੋਗ ਹੋਵਾਂਗਾ/ਗੀ?

ਇਹ ਤੁਹਾਨੂੰ ਦਿੱਤੀ ਗਈ ਨੀਮ-ਬੇਹੋਸ਼ੀ ਦੀ ਦਵਾਈ ਦੀ ਕਿਸਮ ਅਤੇ ਮਾਤਰਾ ਉੱਤੇ ਨਿਰਭਰ ਕਰਦਾ ਹੈ। ਕਈ ਡਾਕਟਰ ਤੁਹਾਨੂੰ ਗੱਡੀ ਨਾ ਚਲਾਉਣ ਅਤੇ ਪਹਿਲੇ 24 ਘੰਟਿਆਂ ਲਈ ਸਹਿਜ ਰਹਿਣ ਲਈ ਕਹਿੰਦੇ ਹਨ। ਹੋ ਸਕਦਾ ਹੈ ਇਸ ਸਮੇਂ ਦੌਰਾਨ ਤੁਸੀਂ ਅਜਿਹੀਆਂ



“Optimizing colonoscopy” ਲੇਖਕ Harminder Singh ਅਤੇ John R. Walker, 2017, University of Manitoba, Canada
Creative Commons ਐਟਰੀਬਿਊਸ਼ਨ-ਨੋਡੈਰੀਵੇਟਿਵਜ਼ 4.0 ਇੰਟਰਨੈਸ਼ਨਲ ਲਾਇਸੰਸ ਤਹਿਤ ਲਾਇਸੰਸਸ਼ੁਦਾ ਹੈ। ਤੁਸੀਂ ਇਸ ਸਮੱਗਰੀ ਨੂੰ ਇਸਦੇ

ਸਰਗਰਮੀਆਂ ਕਰਨ ਦੇ ਯੋਗ ਨਾ ਹੋਵੋਂ ਜਿੰਨ੍ਹਾਂ ਵਾਸਤੇ ਇਕਾਗਰਤਾ ਦੀ ਲੋੜ ਪੈਂਦੀ ਹੈ।

ਕੋਲਨੋਸਕੋਪੀ ਬਾਰੇ ਵਧੇਰੇ ਜਾਣਕਾਰੀ ਵਾਸਤੇ, ਦੇਖੋ: mycolonoscopy.ca.
"Optimizing colonoscopy" ਲੇਖਕ Harminder Singh ਅਤੇ John R. Walker, 2017, University of Manitoba, Canada
Creative Commons ਐਟਰੀਬਿਊਸ਼ਨ-ਨੋਡੈਰੀਵੇਟਿਵਜ਼ 4.0 ਇੰਟਰਨੈਸ਼ਨਲ ਲਾਇਸੰਸ ਤਹਿਤ ਲਾਇਸੰਸਸ਼ੁਦਾ ਹੈ। ਤੁਸੀਂ ਇਸ ਸਮੱਗਰੀ ਨੂੰ ਇਸਦੇ

## ਕੋਲਨੋਸਕੋਪੀ ਦੇ ਬਾਅਦ ਪੁਨਰ-ਸਿਹਤਯਾਬੀ ਕਿਵੇਂ ਹੁੰਦੀ ਹੈ?

1. ਜੇ ਤੁਹਾਡੀ ਪ੍ਰਕਿਰਿਆ ਦੇ ਨਾਲ ਤੁਸੀਂ ਨੀਮ-ਬੇਹੋਸ਼ੀ ਦੀ ਦਵਾਈ ਲੈਂਦੇ ਹੋ: ਪ੍ਰਕਿਰਿਆ ਦੇ ਬਾਅਦ, ਤੁਸੀਂ 30 ਤੋਂ 60 ਮਿੰਟਾਂ ਦਾ ਸਮਾਂ ਰਿਕਵਰੀ ਰੂਮ ਵਿੱਚ ਬਿਤਾਉਂਦੇ ਹੋ ਜਦ ਤੱਕ ਕਿ ਤੁਸੀਂ ਵਧੇਰੇ ਜਾਗਦੇ ਅਤੇ ਸੁਚੇਤ ਨਹੀਂ ਹੋ ਜਾਂਦੇ। ਪੁਨਰ-ਸਿਹਤਯਾਬੀ ਦੇ ਬਾਅਦ, ਤੁਹਾਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਜਾਵੇਗੀ।
   ਤੁਹਾਨੂੰ 24 ਘੰਟਿਆਂ ਲਈ ਗੱਡੀ ਨਹੀਂ ਚਲਾਉਣੀ ਚਾਹੀਦੀ ਅਤੇ ਆਪਣੇ ਨਾਲ ਕਿਸੇ ਅਜਿਹੇ ਵਿਅਕਤੀ ਨੂੰ ਲਿਆਉਣਾ ਚਾਹੀਦਾ ਹੈ ਜੋ ਤੁਹਾਨੂੰ ਘਰ ਲੈ ਜਾਵੇਗਾ ਅਤੇ ਤੁਹਾਡੇ ਪੂਰੀ ਤਰ੍ਹਾਂ ਸਿਹਤਯਾਬ ਹੋਣ ਤੱਕ ਤੁਹਾਡੇ ਨਾਲ ਰਹੇਗਾ। ਤੁਹਾਡਾ ਡਾਕਟਰ ਇਹ ਲੋੜ ਸਕਦਾ ਹੈ ਕਿ ਤੁਸੀਂ ਕਿਸੇ ਨੂੰ ਰਾਤ ਭਰ ਆਪਣੇ ਕੋਲ ਰੱਖਣ ਦਾ ਇੰਤਜ਼ਾਮ ਕਰੋਂ। ਜੇ ਤੁਹਾਡੀ ਪ੍ਰਕਿਰਿਆ ਦੇ ਨਾਲ ਤੁਸੀਂ ਨੀਮ-ਬੇਹੋਸ਼ੀ ਦੀ ਦਵਾਈ ਨਹੀਂ ਲੈਂਦੇ ਹੋ: ਤੁਸੀਂ ਕੋਲਨੋਸਕੋਪੀ ਦੇ ਤੁਰੰਤ ਬਾਅਦ ਘਰ ਜਾਂ
   ਵਾਪਸ ਕੰਮ ’ਤੇ ਜਾ ਸਕਦੇ ਹੋ। ਤੁਹਾਨੂੰ ਕਿਸੇ ਨੂੰ ਵੀ ਆਪਣੇ ਕੋਲ ਰੱਖਣ ਦੀ ਲੋੜ ਨਹੀਂ ਹੈ ਅਤੇ ਤੁਸੀਂ ਖੁਦ ਗੱਡੀ ਚਲਾਉਣ ਦੇ ਯੋਗ ਹੁੰਦੇ ਹੋ।

2. ਟੈਸਟ ਦੇ ਸਿੱਟੇ ਦੇ ਸਬੰਧ ਵਿੱਚ ਤੁਹਾਡਾ ਡਾਕਟਰ ਤੁਹਾਨੂੰ ਇੱਕ ਨੋਟ ਪ੍ਰਦਾਨ ਕਰੇਗਾ। ਤੁਹਾਡਾ ਡਾਕਟਰ ਜਾਂ ਨਰਸ ਨਤੀਜਿਆਂ ਬਾਰੇ ਤੁਹਾਡੇ ਨਾਲ ਅਤੇ ਤੁਹਾਡੇ ਨਾਲ ਆਏ ਵਿਅਕਤੀ ਨਾਲ ਵਿਚਾਰ-ਵਟਾਂਦਰਾ ਕਰਨਗੇ। ਜੇ ਕੋਲਨੋਸਕੋਪੀ ਦੌਰਾਨ ਤੁਹਾਨੂੰ ਨੀਮ-ਬੇਹੋਸ਼ੀ ਦੀ ਦਵਾਈ ਦਿੱਤੀ ਗਈ ਸੀ, ਤਾਂ ਹੋ ਸਕਦਾ ਹੈ ਵਿਚਾਰ-ਵਟਾਂਦਰਾ ਤੁਹਾਨੂੰ ਯਾਦ ਨਾ ਰਹੇ। ਇਹ ਅਹਿਮ ਹੈ ਕਿ ਤੁਸੀਂ ਕਿਸੇ ਅਜਿਹੇ ਵਿਅਕਤੀ ਨੂੰ ਨਾਲ ਲੈਕੇ ਆਵੋਂ ਜੋ ਨਤੀਜਿਆਂ ਬਾਰੇ ਸੁਣ ਸਕੇ ਅਤੇ ਬਾਅਦ ਵਿੱਚ ਤੁਹਾਨੂੰ ਦੱਸ ਸਕੇ।

3. ਕੱਢੇ ਗਏ ਕਿਸੇ ਵੀ ਪੌਲਿਪਾਂ ਜਾਂ ਟਿਸ਼ੂ ਦੇ ਨਮੂਨਿਆਂ (ਬਾਇਓਪਸੀਆਂ) ਨੂੰ ਕਿਸੇ ਪੈਥੋਲੋਜਿਸਟ ਦੁਆਰਾ ਸਮੀਖਿਆ ਕਰਨ ਲਈ ਭੇਜਿਆ ਜਾਵੇਗਾ। ਨਤੀਜੇ ਆਮ ਤੌਰ ’ਤੇ ਇੱਕ ਮਹੀਨੇ ਅੰਦਰ ਉਪਲਬਧ ਹੋ ਜਾਂਦੇ ਹਨ। ਜੇ ਕੋਈ ਫਿਕਰ ਵਾਲੀ ਗੱਲ ਜਾਂ ਅਹਿਮ ਲੱਭਤਾਂ ਪਾਈਆਂ ਜਾਂਦੀਆਂ ਹਨ, ਤਾਂ ਤੁਹਾਡੇ ਡਾਕਟਰ ਦੇ ਦਫਤਰ ਦੁਆਰਾ ਤੁਹਾਨੂੰ ਸਿੱਧੇ ਤੌਰ ’ਤੇ ਕਾਲ ਕੀਤੀ ਜਾਵੇਗੀ, ਜਾਂ ਨਤੀਜਿਆਂ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਤੁਹਾਨੂੰ ਕਲੀਨਿਕ ਵਿਖੇ ਵਾਪਸ ਆਉਣ ਲਈ ਕਿਹਾ ਜਾ ਸਕਦਾ ਹੈ।
   ਤੁਹਾਡੀ ਸਿਫਾਰਸ਼ ਕਰਨ ਵਾਲੇ ਡਾਕਟਰ ਜਾਂ ਨਰਸ ਨੂੰ ਵੀ ਇੱਕ ਪੱਤਰ ਭੇਜਿਆ ਜਾਵੇਗਾ ਤਾਂ ਜੋ ਉਹਨਾਂ ਨੂੰ ਨਤੀਜਿਆਂ ਬਾਰੇ ਸੂਚਿਤ ਕੀਤਾ ਜਾ ਸਕੇ ਅਤੇ ਜੇ ਜ਼ਰੂਰੀ ਹੋਵੇ ਤਾਂ ਅਗਲੇਰੇ ਇਲਾਜ ਦੀਆਂ ਯੋਜਨਾਵਾਂ ਉਲੀਕੀਆਂ ਜਾ ਸਕਣ।

## ਨੀਮ-ਬੇਹੋਸ਼ੀ ਦੇ ਬਾਅਦ ਕਿੰਨ੍ਹੇ ਕੁ ਸਮੇਂ ਬਾਅਦ ਮੈਂ ਸਪੱਸ਼ਟ ਰੂਪ ਵਿੱਚ ਸੋਚਣ ਦੇ ਯੋਗ ਹੋਵਾਂਗਾ/ਗੀ?

ਇਹ ਤੁਹਾਨੂੰ ਦਿੱਤੀ ਗਈ ਨੀਮ-ਬੇਹੋਸ਼ੀ ਦੀ ਦਵਾਈ ਦੀ ਕਿਸਮ ਅਤੇ ਮਾਤਰਾ ਉੱਤੇ ਨਿਰਭਰ ਕਰਦਾ ਹੈ। ਕਈ ਡਾਕਟਰ ਤੁਹਾਨੂੰ ਗੱਡੀ ਨਾ ਚਲਾਉਣ ਅਤੇ ਪਹਿਲੇ 24 ਘੰਟਿਆਂ ਲਈ ਸਹਿਜ ਰਹਿਣ ਲਈ ਕਹਿੰਦੇ ਹਨ। ਹੋ ਸਕਦਾ ਹੈ ਇਸ ਸਮੇਂ ਦੌਰਾਨ ਤੁਸੀਂ ਅਜਿਹੀਆਂ ਸਰਗਰਮੀਆਂ ਕਰਨ ਦੇ ਯੋਗ ਨਾ ਹੋਵੋਂ ਜਿੰਨ੍ਹਾਂ ਵਾਸਤੇ ਇਕਾਗਰਤਾ ਦੀ ਲੋੜ ਪੈਂਦੀ ਹੈ।

## ਜੇ ਮੈਂ ਕੋਲਨੋਸਕੋਪੀ ਦੇ ਬਾਅਦ ਅਫਾਰਾ ਮਹਿਸੂਸ ਕਰਦਾ/ਦੀ ਹਾਂ ਅਤੇ ਮੇਰੇ ਹਵਾ ਸਰ ਰਹੀ ਹੈ ਤਾਂ ਕੀ?

ਤੁਹਾਡੀ ਕੋਲਨ ਨੂੰ ਉਚਿਤ ਤਰੀਕੇ ਨਾਲ ਜਾਂਚਣ ਵਾਸਤੇ ਤੁਹਾਡੇ ਡਾਕਟਰ ਦੀ ਮਦਦ ਕਰਨ ਲਈ ਕੋਲਨ ਵਿੱਚ ਭਰੀ ਗਈ ਹਵਾ ਦੇ


“Optimizing colonoscopy” ਲੇਖਕ Harminder Singh ਅਤੇ John R. Walker, 2017, University of Manitoba, Canada
Creative Commons ਐਟਰੀਬਿਊਸ਼ਨ-ਨੋਡੈਰੀਵੇਟਿਵਜ਼ 4.0 ਇੰਟਰਨੈਸ਼ਨਲ ਲਾਇਸੰਸ ਤਹਿਤ ਲਾਇਸੰਸਸ਼ੁਦਾ ਹੈ। ਤੁਸੀਂ ਇਸ ਸਮੱਗਰੀ ਨੂੰ ਇਸਦੇ

ਕਰਕੇ ਟੈਸਟ ਦੇ ਬਾਅਦ ਕੁਝ ਲੋਕ ਇਸ ਤਰ੍ਹਾਂ ਮਹਿਸੂਸ ਕਰਦੇ ਹਨ। ਪੈਦਲ ਤੁਰਨਾ ਇਸ ਅਹਿਸਾਸ ਦੇ ਸਬੰਧ ਵਿੱਚ ਮਦਦ ਕਰ ਸਕਦਾ ਹੈ।

### ਮੈਂ ਠੋਸ ਭੋਜਨ ਕਦੋਂ ਖਾ ਸਕਦਾ/ਦੀ ਹਾਂ?

ਹਾਲਾਂਕਿ ਮੋਟੇ ਤੌਰ ’ਤੇ ਕੋਈ ਮਨਾਹੀਆਂ ਨਹੀਂ ਹਨ, ਤੁਹਾਨੂੰ ਤਰਲ ਪਦਾਰਥਾਂ (ਜੂਸ, ਸੂਪ) ਅਤੇ ਹਲਕੇ ਭੋਜਨ ਦੇ ਨਾਲ ਸ਼ੁਰੂਆਤ ਕਰਨੀ ਚਾਹੀਦੀ ਹੈ ਅਤੇ ਫੇਰ ਹੌਲੀ-ਹੌਲੀ ਵਾਧਾ ਕਰਕੇ ਵਧੇਰੇ ਬਕਾਇਦਾ ਖੁਰਾਕ ਲੈਣੀ ਚਾਹੀਦੀ ਹੈ। ਹਲਕੇ ਭੋਜਨਾਂ ਨੂੰ ਚਬਾਉਣਾ ਅਤੇ ਪਚਾਉਣਾ ਆਸਾਨ ਹੁੰਦਾ ਹੈ। ਕੋਲਨੋਸਕੋਪੀ ਦੇ ਤੁਰੰਤ ਬਾਅਦ, ਹੋ ਸਕਦਾ ਹੈ ਤੁਸੀਂ ਭਾਰੀ ਭੋਜਨ ਸਹਿਣ ਕਰਨ ਦੇ ਕਾਬਲ ਨਾ ਹੋਵੋਂ ਜਿਵੇਂ ਕਿ ਸਟੀਕ ਅਤੇ ਚਿਕਨੇ ਭੋਜਨ।


“Optimizing colonoscopy” ਲੇਖਕ Harminder Singh ਅਤੇ John R. Walker, 2017, University of Manitoba, Canada
Creative Commons ਐਟਰੀਬਿਊਸ਼ਨ-ਨੋਡੈਰੀਵੇਟਿਵਜ਼ 4.0 ਇੰਟਰਨੈਸ਼ਨਲ ਲਾਇਸੰਸ ਤਹਿਤ ਲਾਇਸੰਸਸ਼ੁਦਾ ਹੈ। ਤੁਸੀਂ ਇਸ ਸਮੱਗਰੀ ਨੂੰ ਇਸਦੇ

### ਜੇ ਕੋਈ ਪੌਲਿਪ ਨਹੀਂ ਕੱਢੇ ਜਾਂਦੇ ਤਾਂ ਕਿਸ ਕਿਸਮ ਦੇ ਅਣਚਾਹੇ-ਅਸਰ ਹੋਣੇ ਸਾਧਾਰਨ ਗੱਲ ਹੈ?

ਅਫਾਰਾ, ਹਵਾ ਸਰਨਾ, ਟੱਟੀ ਵਿੱਚ ਖ਼ੂਨ ਦੇ ਧੱਬੇ, ਥੱਕੇ ਮਹਿਸੂਸ ਕਰਨਾ, ਚੇਤਾ ਭੁੱਲਣਾ ਮਹਿਸੂਸ ਕਰਨਾ।

### ਜੇ ਕੋਈ ਪੌਲਿਪ ਕੱਢਿਆ ਜਾਂਦਾ ਹੈ ਤਾਂ ਸਾਧਾਰਨ ਅਸਰ ਕੀ ਹੁੰਦਾ ਹੈ?

ਹੋ ਸਕਦਾ ਹੈ ਤੁਹਾਨੂੰ ਟੱਟੀ ਵਿੱਚ ਥੋੜ੍ਹਾ ਬਹੁਤ ਖ਼ੂਨ ਨਜ਼ਰ ਆਵੇ।

### ਕੋਲਨੋਸਕੋਪੀ ਦੇ ਬਾਅਦ, ਕਿਹੜੀ ਚੀਜ਼ ਗੈਰ-ਸਾਧਾਰਨ ਹੈ ਅਤੇ ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇ ਤੁਹਾਨੂੰ ਤੀਬਰ ਦਰਦ ਹੋਣਾ ਸ਼ੁਰੂ ਹੋ ਜਾਂਦਾ ਹੈ ਜਾਂ ਤੁਹਾਡੀ ਟੱਟੀ ਵਿੱਚ ਖ਼ੂਨ ਦੀ ਸੀਮਤ ਮਾਤਰਾ ਤੋਂ ਵਧੇਰੇ ਮਾਤਰਾ ਆਉਂਦੀ ਹੈ, ਤਾਂ ਤੁਹਾਨੂੰ ਡਾਕਟਰੀ ਧਿਆਨ ਦੀ ਮੰਗ ਕਰਨੀ ਚਾਹੀਦੀ ਹੈ।

### ਮੈਂ ਸਾਧਾਰਨ ਮਹਿਸੂਸ ਕਰਨਾ ਕਦੋਂ ਸ਼ੁਰੂ ਕਰਾਂਗਾ/ਗੀ?

ਤੁਸੀਂ ਕੋਲਨੋਸਕੋਪੀ ਤੋਂ ਇੱਕ ਦਿਨ ਬਾਅਦ ਸਾਧਾਰਨ ਕਿਰਿਆਵਾਂ ’ਤੇ ਵਾਪਸ ਪਰਤਣ ਲਈ ਠੀਕ ਮਹਿਸੂਸ ਕਰਨ ਦੀ ਉਮੀਦ ਕਰ ਸਕਦੇ ਹੋ।

## ਕੋਲਨੋਸਕੋਪੀ ਦੇ ਨਤੀਜਿਆਂ ਬਾਰੇ ਸਵਾਲ

### ਮੈਨੂੰ ਮੇਰੇ ਨਤੀਜੇ ਕਿਵੇਂ ਮਿਲਣਗੇ?

ਤੁਹਾਨੂੰ ਘਰ ਜਾਣ ਤੋਂ ਪਹਿਲਾਂ ਨਤੀਜੇ ਮਿਲ ਜਾਣਗੇ। ਕੁਝ ਕੋਲਨੋਸਕੋਪੀ ਡਾਕਟਰ ਮਰੀਜ਼ ਨੂੰ ਲਿਖਤੀ ਰਿਪੋਰਟ ਪ੍ਰਦਾਨ ਕਰਾਉਂਦੇ ਹਨ।

ਜੇ ਟਿਸ਼ੂ ਜਾਂ ਪੌਲਿਪ ਦੇ ਟੁਕੜੇ ਬਾਹਰ ਕੱਢੇ ਜਾਂਦੇ ਹਨ ਤਾਂ ਨਤੀਜੇ ਪ੍ਰਾਪਤ ਕਰਨ ਲਈ ਕਈ ਹਫਤੇ ਲੱਗ ਸਕਦੇ ਹਨ।

### ਜੇ ਕੋਈ ਪੌਲਿਪ ਜਾਂ ਹੋਰ ਟਿਸ਼ੂ ਕੱਢਿਆ ਗਿਆ ਸੀ ਅਤੇ ਕਿਸੇ ਪ੍ਰਯੋਗਸ਼ਾਲਾ ਨੂੰ ਭੇਜਿਆ ਗਿਆ ਸੀ ਤਾਂ ਮੈਨੂੰ ਨਤੀਜਿਆਂ ਬਾਰੇ ਕਿਵੇਂ ਪਤਾ ਚੱਲੇਗਾ?

ਵਿਭਿੰਨ ਡਾਕਟਰ ਇਸ ਜਾਣਕਾਰੀ ਨੂੰ ਵਿਭਿੰਨ ਤਰੀਕਿਆਂ ਨਾਲ ਪ੍ਰਦਾਨ ਕਰਨਗੇ। ਕੁਝ ਕੋਲਨੋਸਕੋਪੀ ਡਾਕਟਰ ਮਰੀਜ਼ਾਂ ਨਾਲ ਖੁਦ ਸੰਪਰਕ ਕਰਦੇ ਹਨ। ਕੁਝ ਹੋਰ ਤੁਹਾਡੇ ਪਰਿਵਾਰਕ ਡਾਕਟਰ ਨੂੰ ਇੱਕ ਚਿੱਠੀ ਭੇਜਕੇ ਜਾਣਕਾਰੀ ਪ੍ਰਦਾਨ ਕਰਦੇ ਹਨ ਜੋ ਨਤੀਜਿਆਂ ਬਾਰੇ ਤੁਹਾਡੇ ਨਾਲ ਵਿਚਾਰ-ਵਟਾਂਦਰਾ ਕਰ ਸਕਦਾ ਹੈ।

### ਇਸਨੂੰ ਕਿੰਨਾ ਸਮਾਂ ਲੱਗੇਗਾ?

ਰੋਗ-ਵਿਗਿਆਨ (ਪੈਥੋਲੋਜੀ) ਦੀਆਂ ਲੱਭਤਾਂ ਦੇ ਨਤੀਜੇ ਅਕਸਰ ਕਈ ਹਫਤਿਆਂ ਤੱਕ ਉਪਲਬਧ ਨਹੀਂ ਹੁੰਦੇ। ਜੇ ਤੁਸੀਂ ਨਤੀਜਿਆਂ ਬਾਰੇ ਕੋਈ ਸੂਚਨਾ ਪ੍ਰਾਪਤ ਨਹੀਂ ਕਰਦੇ ਤਾਂ ਤੁਸੀਂ ਆਪਣੇ ਪਰਿਵਾਰਕ ਡਾਕਟਰ ਜਾਂ ਕੋਲਨੋਸਕੋਪੀ ਡਾਕਟਰ ਨਾਲ ਸੰਪਰਕ ਕਰ ਸਕਦੇ ਹੋ।

cc BY ND
: mycolonoscopy.ca.

**ਜੇ ਪ੍ਰਕਿਰਿਆ, ਤੁਹਾਡੀਆਂ ਦਵਾਈਆਂ, ਜਾਂ ਤਿਆਰੀ ਬਾਰੇ ਹਿਦਾਇਤਾਂ ਦੇ ਸਬੰਧ ਵਿੱਚ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਆਪਣੇ ਇੰਡੋਸਕੋਪੀ ਡਾਕਟਰ ਦੇ ਦਫਤਰ ਨੂੰ ਕਾਲ ਕਰੋ।**

: mycolonoscopy.ca.